ਸਿਟੀ ਕੌਂਸਲ ਚੈਂਬਰਸ

3300 ਕੈਪੀਟੋਲ ਐਵਨਿਊ

ਫ੍ਰੀਮੌਂਟ, ਕੈਲੀਫੋਰਨੀਆ

## ਫ੍ਰੀਮੌਂਟ ਸਿਟੀ ਕੌਂਸਲ

ਲਿਲੀ ਮੇਈ (Lily Mei), ਮੇਅਰ

ਰਿਕ ਜੋਨਸ (Rick Jones), ਉਪ ਮੇਅਰ

ਵਿਨੀ ਬਾਕੋਨ (Vinnie Bacon)

ਰਾਜ ਸਲਵਾਨ (Raj Salwan)

ਡੇਵਿਡ ਬੋਨਾਕਕੋਰਸੀ (David Bonaccorsi)

## ਸਿਟੀ ਸਟਾਫ

ਫ੍ਰੇਡ ਡੀਆਜ਼ (Fred Diaz), ਸਿਟੀ ਪ੍ਰਬੰਧਕ

ਹਾਰਵੇ ਈ.ਲੇਵਾਇਨ (Harvey E. Levine), ਸਿਟੀ ਅਟਾਰਨੀ

ਜੈਸਿਕਾ ਵੋਨ ਬੋਰਕ (Jessica von Borck), ਸਹਾਇਕ ਸਿਟੀ ਪ੍ਰਬੰਧਕ

ਮੈਰਿਲਿਨ ਕਰੇਨ (Marilyn Crane), ਇੰਨਫਾਰਮੇਸ਼ਨ ਟੈਕ. ਸੇਵਾ ਨਿਦੇਸ਼ਕ

ਸੂਸਨ ਗੌਥੀਅਰ (Susan Gauthier), ਸਿਟੀ ਕਲਰਕ

ਕੈਲੀ ਕਲਾਇਨ (Kelly Kline), ਵਿੱਤੀ ਵਿਕਾਸ ਨਿਦੇਸ਼ਕ

ਹੈਂਸ ਲਾਰਸਨ (Hans Larsen), ਜਨਤਕ ਕਾਰਜ ਨਿਦੇਸ਼ਕ

ਜਿਉਫ ਲਾਟੈਂਡਰੇਸੇ (Geoff LaTendresse), ਫਾਇਰ ਪ੍ਰਮੁੱਖ

ਰਿਚਰਡ ਲੁਸੇਰੋ (Richard Lucero), ਪੁਲਿਸ ਪ੍ਰਮੁੱਖ

ਡੇਵਿਡ ਪਰਸਸੇਲਿਨ (David Persselin), ਵਿੱਤ ਨਿਦੇਸ਼ਕ

ਜੈਫ਼ ਸ਼ਵੋਬ (Jeff Schwob), ਸਮੁਦਾਇਕ ਵਿਕਾਸ ਨਿਦੇਸ਼ਕ

ਕਰੇਨਾ ਸ਼ੈਕਲਫੋਰਡ (Karena Shackelford), ਉਪ ਸਿਟੀ ਪ੍ਰਬੰਧਕ

ਸੂਜ਼ੇਨ ਸ਼ੇਨਫਿਲ (Suzanne Shenfil), ਮਨੁੱਖੀ ਸੇਵਾ ਨਿਦੇਸ਼ਕ

ਬ੍ਰਾਇਨ ਸਟੋਟ (Brian Stott), ਉਪ ਸਿਟੀ ਪ੍ਰਬੰਧਕ

# ਫ੍ਰੀਮੌਂਟ ਸਿਟੀ ਕੌਂਸਲ

# ਏਜੰਡਾ ਅਤੇ ਰਿਪੋਰਟਾਂ

**6 ਜੂਨ, 2017**

## ਕਾਰਜ ਦਾ ਆਮ ਕ੍ਰਮ

1. ਮੁੱਢਲਾ
   - ਮੀਟਿੰਗ ਸ਼ੁਰੂ ਕਰਨੀ
   - ਝੰਡੇ ਨੂੰ ਸਲਾਮੀ
   - ਹਾਜ਼ਰੀ ਲਗਾਉਣੀ
2. ਮਨਜ਼ੂਰੀ ਕੈਲੰਡਰ
3. ਰਸਮੀ ਆਈਟਮਾਂ
4. ਜਨਤਕ ਸੰਚਾਰ
5. ਸੂਚੀਬੱਧ ਮੁੱਦੇ
   - ਜਨਤਕ ਸੁਣਵਾਈਆਂ
   - ਅਪੀਲਾਂ
   - ਕਮਿਸ਼ਨਾਂ, ਬੋਰਡਾਂ ਅਤੇ ਕਮੇਟੀਆਂ ਤੋਂ ਰਿਪੋਰਟਾਂ
6. ਸਿਟੀ ਅਟਾਰਨੀ (ਸ਼ਹਿਰੀ ਵਕੀਲ) ਤੋਂ ਰਿਪੋਰਟ
7. ਹੋਰ ਕਾਰਜ
8. ਕੌਂਸਲ ਸੰਚਾਰ
9. ਮੁਲਤਵੀਕਰਨ

## ਚਰਚਾ ਦਾ ਕ੍ਰਮ

ਆਮ ਤੌਰ ਤੇ, ਮੇਅਰ ਦੁਆਰਾ ਕਿਸੇ ਆਈਟਮ ਦੀ ਜਾਣ-ਪਛਾਣ ਤੋਂ ਬਾਅਦ ਚਰਚਾ ਦੇ ਕ੍ਰਮ ਵਿੱਚ ਸਟਾਫ ਦੁਆਰਾ ਜਾਣਕਾਰੀ ਅਤੇ ਟਿੱਪਣੀਆਂ ਸ਼ਾਮਿਲ ਹੁੰਦੀਆਂ ਹਨ ਜਿਸ ਤੋਂ ਬਾਅਦ ਸਿਟੀ ਕੌਂਸਲ ਦੇ ਸਵਾਲ ਅਤੇ ਪੁੱਛ-ਗਿੱਛ ਸ਼ਾਮਲ ਹੁੰਦੀ ਹੈ। ਬਿਨੈਕਾਰ, ਜਾਂ ਉਨ੍ਹਾਂ ਦੇ ਅਧਿਕਾਰਤ ਮਨੋਨੀਤ, ਜਾਂ ਦਿਲਚਸਪੀ ਰੱਖਣ ਵਾਲੇ ਨਾਗਰਿਕ, ਆਇਟਮ ਬਾਰੇ ਗੱਲ੍ਹਬਾਤ ਕਰ ਸਕਦੇ ਹਨ; ਹਰੇਕ ਬੁਲਾਰਾ ਕੇਵਲ ਹਰ ਇੱਕ ਆਇਟਮ 'ਤੇ ਇੱਕ ਵਾਰ ਗੱਲ੍ਹਬਾਤ ਕਰ ਸਕਦਾ ਹੈ। ਜਨਤਕ ਚਰਚਾ ਦੇ ਬੰਦ ਹੋਣ 'ਤੇ, ਆਇਟਮ 'ਤੇ ਸਿਟੀ ਕੌਂਸਲ ਦੁਆਰਾ ਵਿੱਚਾਰ ਕੀਤਾ ਜਾਵੇਗਾ ਅਤੇ ਕਾਰਵਾਈ ਕੀਤੀ ਜਾਵੇਗੀ। ਏਜੰਡੇ ਦੀਆਂ ਆਈਟਮਾਂ ਦਾ ਕ੍ਰਮ ਸੂਚੀਬੱਧ ਵਿੱਚੋਂ ਬਦਲਿਆ ਜਾ ਸਕਦਾ ਹੈ।

## ਮਨਜ਼ੂਰੀ ਕੈਲੰਡਰ

ਸਿਟੀ ਕੌਂਸਲ ਦੁਆਰਾ ਏਜੰਡੇ ਦੀਆਂ ਆਈਟਮਾਂ ਨੂੰ ਰੁਟੀਨ ਦੀਆਂ ਆਈਟਮਾਂ ਮੰਨਿਆ ਜਾ ਸਕਦਾ ਹੈ ਅਤੇ ਇਹਨਾਂ ਨੂੰ ਇੱਕ ਪ੍ਰਸਤਾਵ ਅਤੇ ਇੱਕ ਵੋਟ ਨਾਲ ਅਧਿਨਿਯਮਿਤ ਕੀਤਾ ਜਾਵੇਗਾ। ਇਹਨਾਂ ਮਦਾਂ ਦੀ ਕੋਈ ਵੱਖਰੀ ਚਰਚਾ ਨਹੀਂ ਹੋਵੇਗੀ ਜਦੋਂ ਤੱਕ ਕਿ ਕੋਈ ਕੌਂਸਲ ਮੈਂਬਰ ਜਾਂ ਨਾਗਰਿਕ ਇਸ ਲਈ ਬੇਨਤੀ ਨਹੀਂ ਕਰਦਾ, ਤਾਂ ਉਸ ਸਥਿਤੀ ਵਿੱਚ ਆਈਟਮ ਨੂੰ ਮਨਜ਼ੂਰਸ਼ੁਦਾ ਕੈਲੰਡਰ ਵਿੱਚੋਂ ਹਟਾ ਦਿੱਤਾ ਜਾਵੇਗਾ ਅਤੇ ਵੱਖਰਿਆਂ ਵਿੱਚਾਰਿਆ ਜਾਵੇਗਾ।



*ਰੀਸਾਈਕਲ ਕੀਤੇ ਪੇਪਰ ਤੇ ਛਾਪਿਆ ਗਿਆ*

*ਪਿਛਲਾ ਪਾਸਾ ਦੇਖੋ*

## ਕੌਂਸਲ ਨੂੰ ਸੰਬੋਧਨ

ਮੇਅਰ ਦੁਆਰਾ ਪਛਾਣ ਤੋਂ ਬਾਅਦ ਕੋਈ ਵੀ ਵਿਅਕਤੀ ਕੇਵਲ ਇੱਕ ਵਾਰ ਸਿਟੀ ਕੌਂਸਲ ਤਹਿਤ ਚਰਚਾ ਬਾਰੇ ਕਿਸੇ ਵੀ ਆਈਟਮ 'ਤੇ ਵਿੱਚਾਰ ਰੱਖ ਸਕਦਾ ਹੈ। ਬੁਲਾਰਿਆਂ ਲਈ ਕਾਰਡ ਬੈਠਕ ਤੋਂ ਪਹਿਲਾਂ ਅਤੇ ਬੈਠਕ ਦਰਮਿਆਨ ਉਪਲੱਬਧ ਹੋਣਗੇ। ਸਿਟੀ ਕੌਂਸਲ ਨੂੰ ਸੰਬੋਧਿਤ ਕਰਨ ਲਈ ਨਾਂ, ਪਤਾ ਅਤੇ ਬੁਲਾਰੇ ਦੁਆਰਾ ਬੋਲਣ ਲਈ ਆਖੀਆਂ ਗਈਆਂ ਆਈਟਮਾਂ ਬਾਰੇ ਇੱਕ ਕਾਰਡ ਸਿਟੀ ਕਲਰਕ ਕੋਲ ਸਬਮਿਟ ਕਰਨਾ ਜ਼ਰੂਰੀ ਹੈ। ਸਿਟੀ ਕੌਂਸਲ ਨੂੰ ਸੰਬੋਧਨ ਕਰਨ ਦਰਮਿਆਨ, ਕਿਰਪਾ ਕਰਕੇ ਸਿਟੀ ਕੌਂਸਲ ਦੇ ਸਾਹਮਣੇ ਲੱਗੇ ਲੈਕਟਰਨ (ਭਾਸ਼ਣ-ਮੰਚ) 'ਤੇ ਜਾਓ। ਆਪਣਾ ਨਾਮ ਦੱਸੋ। ਸਾਰੇ ਵਿਅਕਤੀਆਂ ਲਈ ਬੋਲਣ ਦੇ ਮੌਕੇ ਨੂੰ ਯਕੀਨੀ ਬਣਾਉਣ ਲਈ, ਹਰੇਕ ਬੁਲਾਰੇ ਲਈ ਮੇਅਰ ਦੁਆਰਾ ਇੱਕ ਸਮਾਂ ਸੀਮਾ ਤੈਅ ਕੀਤੀ ਜਾਵੇਗੀ। (ਸਪੀਕਰ ਕਾਰਡ 'ਤੇ ਦਿੱਤੀਆਂ ਹਿਦਾਇਤਾਂ ਦੇਖੋ)। ਸਮੇਂ ਨੂੰ ਧਿਆਨ ਵਿੱਚ ਰੱਖਦਿਆਂ, ਹਰ ਵਿਅਕਤੀ ਹਰੇਕ ਏਜੰਡੇ ਵਿੱਚਲੀ ਵਿਅਕਤੀਗਤ ਆਈਟਮ 'ਤੇ ਕੇਵਲ ਇੱਕ ਵਾਰ ਬੋਲ ਸਕਦਾ ਹੈ; ਕਿਰਪਾ ਕਰਕੇ ਨਵੀਂ ਸਮੱਗਰੀ 'ਤੇ ਆਪਣੀਆਂ ਟਿੱਪਣੀਆਂ ਨੂੰ ਸੀਮਤ ਕਰੋ; ਪਹਿਲੇ ਬੁਲਾਰੇ ਦੁਆਰਾ ਬੋਲੇ ਗਏ ਵਿੱਚਾਰਾਂ ਨੂੰ ਨਾ ਦੁਹਰਾਓ।

### ਮੌਖਿਕ ਸੰਚਾਰ

ਕੋਈ ਵੀ ਵਿਅਕਤੀ ਜੋ ਉਸ ਮੁੱਦੇ ਬਾਰੇ ਬੋਲਣਾ ਚਾਹੁੰਦਾ ਹੈ ਜੋ ਇਸ ਏਜੰਡੇ ਤੇ ਅਨੁਸੂਚਿਤ ਨਹੀਂ ਤਾਂ ਉਹ ਅਜਿਹਾ ਜਨਤਕ ਸੰਚਾਰ ਦੇ ਭਾਗ ਮੌਖਿਕ ਸੰਚਾਰ ਤਹਿਤ ਅਜਿਹਾ ਕਰ ਸਕਦਾ ਹੈ। ਕਿਰਪਾ ਕਰਕੇ ਆਪਣਾ ਸਪੀਕਰ ਕਾਰਡ ਮੌਖਿਕ ਸੰਚਾਰ ਸ਼ੁਰੂ ਹੋਣ ਤੋਂ ਪਹਿਲਾਂ ਸਿਟੀ ਕਲਰਕ ਕੋਲ ਜਮ੍ਹਾਂ ਕਰਵਾਓ। **ਮੌਖਿਕ ਸੰਚਾਰ ਸ਼ੁਰੂ ਹੋਣ ਤੋਂ ਪਹਿਲਾਂ ਜਿੰਨ੍ਹਾਂ ਲੋਕਾਂ ਨੇ ਕਾਰਡ ਜਮ੍ਹਾਂ ਕਰਵਾਏ ਹੋਣ ਸਿਰਫ਼ ਉਹਨਾਂ ਨੂੰ ਹੀ ਬੋਲਣ ਦੀ ਆਗਿਆ ਹੋਵੇਗੀ।** ਕਿਰਪਾ ਕਰਕੇ ਧਿਆਨ ਦਿਓ ਕਿ ਜਦੋਂ ਤੱਕ ਕਿ ਆਇਟਮ ਸਖਤ ਕਾਨੂੰਨੀ ਜਰੂਰਤਾਂ ਨੂੰ ਪੂਰਾ ਨਾ ਕਰੇ, ਕੈਲੇਫੋਰਨੀਆ ਸਰਕਾਰੀ ਕੋਡ (California Government Code) ਉਸ ਕਾਰਵਾਈ ਤੇ ਤਤਕਾਲ ਕਾਰਵਾਈ ਕਰਨ ਤੇ ਰੋਕ ਲਗਾਉਂਦਾ ਹੈ ਜੋ ਏਜੰਡੇ ਵਿੱਚ ਮੌਜੂਦ ਨਹੀਂ ਹੁੰਦੀ। ਮੇਅਰ ਤੁਹਾਡੀ ਪ੍ਰਸਤੁਤੀ ਦੀ ਲੰਬਾਈ ਨੂੰ ਸੀਮਤ ਕਰ ਦੇਵੇਗਾ (ਸਪੀਕਰ ਕਾਰਡ ਤੇ ਦਿੱਤੀਆਂ ਹਿਦਾਇਤਾਂ ਨੂੰ ਦੇਖੋ) ਅਤੇ ਹਰੇਕ ਬੁਲਾਰਾ ਏਜੰਡੇ ਦੀ ਹਰੇਕ ਆਈਟਮ 'ਤੇ ਇੱਕ ਵਾਰ ਹੀ ਬੋਲ ਸਕਦਾ ਹੈ।

**ਸਿਟੀ ਕੌਂਸਲ ਦੇ ਏਜੰਡੇ ਨੂੰ ਕੰਪਿਊਟਰ ਦੁਆਰਾ ਇਸ ਵਰਲਡ ਵਾਈਡ ਵੈੱਬ 'ਤੇ ਦੇਖਿਆ ਜਾ ਸਕਦਾ ਹੈ: [www.fremont.gov](http://www.fremont.gov)**

### ਜਾਣਕਾਰੀ

ਇੱਕ ਨਿਯਮਿਤ ਰੂਪ ਨਾਲ ਸੂਚੀਬੱਧ ਸਿਟੀ ਕੌਂਸਲ ਦੀ ਬੈਠਕ ਤੋਂ ਪਹਿਲਾਂ ਏਜੰਡੇ ਅਤੇ ਰਿਪੋਰਟ ਦੀਆਂ ਕਾਪੀਆਂ ਸ਼ੁੱਕਰਵਾਰ ਨੂੰ ਫ੍ਰੀਮੌਂਟ ਸਿਟੀ ਹਾਲ, 3300 ਕੈਪਿਟੋਲ ਏਵੇਨਿਊ ਅਤੇ ਡੇਵਲਪਮੇਂਟ ਸਰਵਿਸਿਜ਼ ਸੇਂਟਰ, 39550 ਲਿਬਰਟੀ ਸਟਰੀਟ ਦੀਆਂ ਲਾਬੀਆਂ ਵਿੱਚ ਉਪਲੱਬਧ ਹਨ। ਵਿਸ਼ੇਸ਼ ਏਜੰਡਾ ਮੱਦਾਂ ਨਾਲ ਸਬੰਧਤ ਪੂਰਕ ਦਸਤਾਵੇਜ਼ ਸਿਟੀ ਕਲਰਕ ਦੇ ਦਫ਼ਤਰ ਵਿੱਚ ਉਪਲੱਬਧ ਹਨ।

ਫ੍ਰੀਮੌਂਟ ਸਿਟੀ ਕਾਉਂਸਿਲ ਦੀ ਨਿਯਮਿਤ ਬੈਠਕਾਂ ਕੇਬਲ ਟੇਲੀਵਿਜਨ ਚੈਨਲ 27 ਉੱਤੇ ਪ੍ਰਸਾਰਿਤ ਕੀਤੀਆਂ ਜਾਂਦੀਆਂ ਹਨ ਅਤੇ ਸਾਡੀ ਵੈੱਬਸਾਈਟ ([www.Fremont.gov](http://www.Fremont.gov)) 'ਤੇ ਵੈੱਬਕਾਸਟ ਰਾਹੀਂ ਵੇਖੀਆਂ ਜਾ ਸਕਦੀਆਂ ਹਨ।

ਅਪਾਹਜ ਲੋਕਾਂ ਲਈ 1990 ਦੇ ਅਪਾਹਜਤਾ ਕਾਨੂੰਨ ਦੀ ਪਾਲਣਾ ਕਰਦਿਆਂ ਅਪਾਹਜ ਲੋਕਾਂ ਲਈ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ । ਚਾਹਵਾਨ ਸੱਜਣਾਂ ਨੂੰ ਬੈਠਕ ਤੋਂ ਘੱਟ ਵਲੋਂ ਘੱਟ 2 ਕੰਮਕਾਜੀ ਦਿਨ ਪਹਿਲਾਂ ਸਿਟੀ ਕਲਰਕ ਨੂੰ (510) 284-4060 'ਤੇ ਸਮਾਯੋਜਨਾਂ ਲਈ ਬੇਨਤੀ ਕਰਨੀ ਚਾਹੀਦੀ ਹੈ। ਸਿਟੀ ਕੌਂਸਲ ਦੀਆਂ ਬੈਠਕਾਂ ਨੂੰ ਕੌਂਸਲ ਦੇ ਚੈਂਬਰਾਂ ਵਿੱਚ ਬੋਲਿਆਂ (ਬਹਿਰੇ ਲੋਕਾਂ) ਲਈ *ਓਪਨ ਕੈਪਸ਼ਨ* ਅਤੇ ਘਰ ਦੇਖਣ ਲਈ *ਕਲੋਜ਼ਡ ਕੈਪਸ਼ਨ* ਕੀਤਾ ਜਾਂਦਾ ਹੈ।

### ਜਨਤਕ ਰਿਕਾਰਡਾਂ ਦੀ ਉਪਲਬਧਤਾ

ਇਸ ਏਜੰਡੇ 'ਤੇ ਓਪਨ ਸੈਸ਼ਨ ਨਾਲ ਸਬੰਧਿਤ ਖੁਲਾਸਾ ਕਰਨ ਯੋਗ ਸਾਰੇ ਰਿਕਾਰਡ ਜਿਸ ਮੀਟਿੰਗ ਤੋਂ 72 ਘੰਟੇ ਪਹਿਲਾਂ ਸਿਟੀ ਦੁਆਰਾ ਸਾਰਿਆਂ ਨੂੰ ਜਾਂ ਜਿਆਦਾਤਰ ਸਿਟੀ ਕੌਂਸਲ ਨੂੰ ਵੰਡਿਆ ਜਾਂਦਾ ਹੈ, ਉਹ ਆਮ ਕੰਮਕਾਜੀ ਸਮੇਂ ਦੌਰਾਨ ਫ੍ਰੀਮੌਂਟ ਸਿਟੀ ਹਾਲ, 3300 ਕੈਪਿਟੋਲ ਏਵੇਨਿਊ ਦੀ ਲਾਬੀ ਵਿੱਚ ਸਥਿਤ ਵਿਸ਼ੇਸ਼ ਰੂਪ ਵਿੱਚ ਲੇਬਲ ਕੀਤੇ ਬਾਈਂਡਰਸ ਵਿੱਚ ਨਰੀਖਣ ਲਈ ਉਪਲਬਧ ਹੋਣਗੇ ਜਦੋਂ ਕਿ ਰਿਕਾਰਡ ਨੂੰ ਸਿਟੀ ਕੌਂਸਲ ਨੂੰ ਵੰਡਿਆ ਜਾਂਦਾ ਹੈ।

ਸਿਟੀ ਬਾਰੇ ਜਾਣਕਾਰੀ ਅਤੇ ਏਜੰਡੇ ਅਤੇ ਰਿਪੋਰਟ 'ਤੇ ਸੂਚੀਬੱਧ ਆਈਟਮਾਂ ਬਾਰੇ ਜਾਣਕਾਰੀ ਨੂੰ ਇੱਥੇ ਭੇਜਿਆ ਜਾ ਸਕਦਾ ਹੈ:

ਪਤਾ: City Clerk<br>
City of Fremont<br>
3300 Capitol Avenue, Bldg. A<br>
Fremont, California 94538

ਟੈਲੀਫੋਨ: (510) 284-4060

*ਤੁਹਾਡੇ ਸ਼ਹਿਰ ਦੇ ਕੰਮਕਾਜ ਵਿੱਚ ਤੁਹਾਡੀ ਦਿਲਚਸਪੀ ਦੀ ਸਿਫਤ ਕੀਤੀ ਜਾਂਦੀ ਹੈ।*

**ਏਜੰਡਾ**

**ਫ੍ਰੀਮੌਂਟ ਸਿਟੀ ਕੌਂਸਲ ਨਿਯਮਿਤ ਬੈਠਕ**

**6 ਜੂਨ, 2017**

**ਕੌਂਸਲ ਚੈਂਬਰਸ, 3300 ਕੈਪੀਟੋਲ ਐਵਨਿਊ, ਬਿਲਡਿੰਗ A**

**ਸ਼ਾਮ 7:00**

## 1. ਮੁੱਢਲਾ

**A.** **ਮੀਟਿੰਗ ਸ਼ੁਰੂ ਕਰਨੀ**

**B.** **ਝੰਡੇ ਨੂੰ ਸਲਾਮੀ**

**C.** **ਹਾਜ਼ਰੀ ਲਗਾਉਣੀ**

**D.** **ਮੇਅਰ/ਸਿਟੀ ਪ੍ਰਬੰਧਕ ਦੁਆਰਾ ਘੋਸ਼ਨਾਵਾਂ**

## *2. ਮਨਜ਼ੂਰੀ ਕੈਲੰਡਰ*

*ਸਿਟੀ ਕੌਂਸਲ ਦੁਆਰਾ ਏਜੰਡੇ ਦੀਆਂ ਆਈਟਮਾਂ ਨੂੰ ਰੁਟੀਨ ਦੀਆਂ ਆਈਟਮਾਂ ਮੰਨਿਆ ਜਾ ਸਕਦਾ ਹੈ ਅਤੇ ਇਹਨਾਂ ਨੂੰ ਇੱਕ ਪ੍ਰਸਤਾਵ ਅਤੇ ਇੱਕ ਵੋਟ ਨਾਲ ਅਧਿਨਿਯਮਿਤ ਕੀਤਾ ਜਾਵੇਗਾ। ਇਹਨਾਂ ਮਦਾਂ ਤੇ ਕੋਈ ਵੱਖਰੀ ਚਰਚਾ ਨਹੀਂ ਹੋਵੇਗੀ ਜਦੋਂ ਤੱਕ ਕਿ ਕੋਈ ਕੌਂਸਲ ਮੈਂਬਰ ਜਾਂ ਨਾਗਰਿਕ ਇਸ ਲਈ ਬੇਨਤੀ ਨਹੀਂ ਕਰਦਾ, ਤਾਂ ਇਸ ਸਥਿਤੀ ਵਿੱਚ ਆਈਟਮ ਨੂੰ ਮਨਜ਼ੂਰਸ਼ੁਦਾ ਕੈਲੰਡਰ ਵਿੱਚੋਂ ਹਟਾ ਦਿੱਤਾ ਜਾਵੇਗਾ ਅਤੇ ਵੱਖਰਿਆਂ ਵਿੱਚਾਰਿਆ ਜਾਵੇਗਾ। ਇਸ ਦੇ ਨਾਲ ਹੀ, ਵਿਰੋਧ ਵਿੱਚ "ਸਿਟੀ ਕੌਂਸਲ ਨੂੰ ਸੰਬੋਧਨ ਕਰਨ ਲਈ ਬੇਨਤੀ" ਬਾਰੇ ਕਾਰਡ ਤੋਂ ਬਿਨ੍ਹਾਂ ਹੋਰ ਆਈਟਮਾਂ ਨੂੰ ਸਹਿਮਤੀ ਕੈਲੰਡਰ ਵਿੱਚ ਜੋੜਿਆ ਜਾ ਸਕਦਾ ਹੈ। ਸਿਟੀ ਅਟਾਰਨੀ ਅਪਣਾਏ ਜਾਣ ਵਾਲੇ ਨਿਯਮਾਂ ਦਾ ਪਦਵੀ ਪੜ੍ਹੇਗਾ।*

***A.*** ***ਪ੍ਰਸਤਾਵਿਤ ਨਿਯਮਾਂ ਨੂੰ ਅੱਗੋਂ ਪੜ੍ਹਨ ਤੋਂ ਛੋਟ ਲਈ ਮੋਸ਼ਨ***
*(ਇਸ ਪੂਰੇ ਟੈਕਸਟ ਨੂੰ ਪੜ੍ਹਣ ਦੀ ਬਜਾਇ ਕੇਵਲ ਪਦਵੀ ਨੂੰ ਪੜ੍ਹਣ ਦੀ ਆਗਿਆ ਦਿੰਦਾ ਹੈ।)*

***B.*** ***ਮਿੰਟਸ ਦੀ ਮਨਜ਼ੂਰੀ*** *– ਕੋਈ ਨਹੀਂ।*

***C.*** ***ਵਾਇਰਲੈੱਸ ਸੁਵਿਧਾਵਾਂ ਦੇ ਬਾਰੇ ਫ੍ਰੀਮੌਂਟ ਨਗਰ ਪਾਲਿਕਾ ਦੇ ਟਾਈਟਲ 18 (ਯੋਜਨਾਬੰਦੀ ਅਤੇ ਜ਼ੋਨਿੰਗ) ਅਤੇ ਟਾਈਟਲ 12 (ਗਲੀਆਂ, ਸਾਇਡਵਾਕ, ਅਤੇ ਜਨਤਕ ਸੰਪਤੀ) ਨੂੰ ਸੋਧਦੇ ਹੋਏ ਅਧਿਆਦੇਸ਼ ਦੀ ਦੂਜੀ ਪੜ੍ਹਤ ਅਤੇ ਅਪਨਾਉਣਾ ਅਤੇ ਘਣਤਾ ਬੋਨਸ, ਐਕਸੈਸਰੀ ਡਵੈਲਿੰਗ ਯੂਨਿਟਸ (ਆਵਾਸ ਸਥਲ), ਅਤੇ ਮੈਰੁਆਨਾ ਨਿਯਾਮਕਾਂ ਅਤੇ ਸ਼ਹਿਰ ਦੇ ਅੰਦਰ ਮੌਜੂਦ ਸੰਪਤੀ ਦੇ ਵਿਕਾਸ ਅਤੇ ਵਰਤੋਂ, ਦੋਵਾਂ ਨਾਲ ਸਬੰਧਤ ਰਾਜ ਦੇ ਕਾਨੂੰਨਾਂ ਦੇ ਅਨੁਸਾਰ ਬਣਾਉਣ ਲਈ ਅਤੇ ਮੌਜੂਦਾ ਨਿਯਾਮਕਾਂ ਦੇ ਵਿਸਤਾਰ ਅਤੇ ਸਪੱਸ਼ਟੀਕਰਣ ਦੇ ਲਈ ਫ੍ਰੀਮੌਂਟ ਨਗਰ ਪਾਲਿਕਾ ਕੋਡ ਦੇ ਟਾਈਟਲ 18 (ਯੋਜਨਾਬੰਦੀ ਅਤੇ ਜ਼ੋਨਿੰਗ) ਦੇ ਵੱਖ-ਵੱਖ ਪਾਠਾਂ ਵਿੱਚ ਸੋਧ ਕਰਨ ਲਈ ਸਿਟੀ ਆਫ਼ ਫ੍ਰੀਮੌਂਟ ਦੇ ਇੱਕ ਅਧਿਆਦੇਸ਼ ਦੀ ਦੂਜੀ ਪੜ੍ਹਤ ਅਤੇ ਅਪਨਾਉਣਾ, ਅਤੇ ਜਨਰਲ ਪਲਾਨ ਕਮਯੂਨਿਟੀ ਕਰੈਕਟਰ ਲੈਂਡ ਯੂਜ਼ ਮੈਪਸ ਦੇ ਅਨੁਸਾਰ ਬਣਾਉਣ ਲਈ ਜ਼ੋਨਿੰਗ ਮੈਪ ਦੀਆਂ ਸੋਧਾਂ (PLN2017-00244) /***

*ਸੰਪਰਕ ਲਈ ਵਿਅਕਤੀ:*

| | | |
|---|---|---|
| *ਨਾਮ:* | *ਸੂਜ਼ਨ ਗੌਥੀਅਰ (Susan Gauthier)* | *ਵੇਅਲੈਂਡ ਲੀ (Wayland Li)* |
| *ਪਦਵੀ:* | *ਸਿਟੀ ਕਲਰਕ* | *ਸੀਨੀਅਰ ਪਲੈਨਰ* |
| *ਵਿਭਾਗ:* | *ਸਿਟੀ ਕਲਰਕ ਦਾ ਦਫਤਰ* | *ਯੋਜਨਾ* |
| *ਫੋਨ:* | *510-284-4076* | *510-494-4453* |
| *ਈ-ਮੇਲ:* | *sgauthier@fremont.gov* | *wli@fremont.gov* |

***ਸਿਫ਼ਾਰਸ:*** *ਨਿਯਮਾਂ ਨੂੰ ਅਪਣਾਓ।*

**D.** ***ਵਾਰਮ ਸਪ੍ਰਿੰਗ ਬਾਰਟ ਵੈਸਟ ਐਕਸੈਸ ਬ੍ਰਿਜ ਅਤੇ ਪਲਾਜ਼ਾ ਪ੍ਰੋਜੈਕਟ (WARM SPRINGS BART WEST ACCESS BRIDGE AND PLAZA PROJECT) - ਵਾਰਮ ਸਪ੍ਰਿੰਗ ਬਾਰਟ ਵੈਸਟ ਐਕਸੈਸ ਬ੍ਰਿਜ ਅਤੇ ਪਲਾਜ਼ਾ ਪ੍ਰੋਜੈਕਟ (PWC8804) ਨਾਲ ਸਬੰਧਤ ਕੰਸਟ੍ਰਕਸ਼ਨ ਮੈਨੇਜਮੈਂਟ ਸੇਵਾਵਾਂ ਲਈ 2,200,000 ਡਾਲਰ ਤੋਂ ਵੱਧ ਨਾ ਹੋਣ ਵਾਲੀ ਰਕਮ ਵਿੱਚ ਐੱਸ ਐਂਡ ਸੀ ਇੰਜੀਨੀਅਰਸ, ਇੰਕ, (S&C Engineers, Inc.,) ਨਾਲ ਇੱਕ ਪੇਸ਼ਾਵਰ ਸਮਝੌਤੇ ਨੂੰ ਚਲਾਉਣ ਦੀ ਪ੍ਰਵਾਨਗੀ।***

*ਸੰਪਰਕ ਲਈ ਵਿਅਕਤੀ:*

| | | |
|---|---|---|
| *ਨਾਮ:* | *ਮੀਰਾਬੇਲ ਅਗੁਈਲਰ (Mirabel Aguilar)* | *ਹੈਂਸ ਲਾਰਸਨ (Hans Larsen)* |
| *ਪਦਵੀ:* | *ਸਹਾਇਕ ਸਿਵਲ ਇੰਜੀਨੀਅਰ* | *ਜਨਤਕ ਕਾਰਜ ਨਿਦੇਸ਼ਕ* |
| *ਵਿਭਾਗ:* | *ਜਨਤਕ ਕਾਰਜ* | *ਜਨਤਕ ਕਾਰਜ* |
| *ਫੋਨ:* | *510-494-4761* | *510-494-4722* |
| *ਈ-ਮੇਲ:* | *maguilar@fremont.gov* | *hlarsen@fremont.gov* |

***ਸਿਫ਼ਾਰਸ:*** *ਵਾਰਮ ਸਪ੍ਰਿੰਗ ਬਾਰਟ ਵੈਸਟ ਐਕਸੈਸ ਬ੍ਰਿਜ ਅਤੇ ਪਲਾਜ਼ਾ ਪ੍ਰੋਜੈਕਟ (Warm Springs BART West Access Bridge and Plaza Project) (PWC8804) ਨਾਲ ਸਬੰਧਿਤ ਨਿਰਮਾਣ ਸੇਵਾਵਾਂ ਦੇ ਲਈ 2200000 ਡਾਲਰਾਂ ਤੋਂ ਘੱਟ ਰਕਮ ਵਿੱਚ ਐੱਸ ਐਂਡ ਸੀ ਇੰਜੀਨੀਅਰਸ, ਇੰਕ, (S&C Engineers, Inc.,) ਦੇ ਨਾਲ ਇੱਕ ਵਪਾਰਕ ਇੱਕਰਾਰ ਕਰਨ ਦੇ ਲਈ ਸਿਟੀ ਪ੍ਰਬੰਧਕ ਜਾਂ ਉਸ ਦੇ ਨੁਮਾਇੰਦੇ ਨੂੰ ਅਧਿਕਾਰਤ ਕਰਨਾ।*

**E.** ***ਫਲੀਟ ਵਾਹਨਾਂ ਦੀ ਖਰੀਦ- ਐਲਬਨੀ ਫੋਰਡ (Albany Ford) ਤੋਂ ਦੋ ਫੋਰਡ F350 ਯੁਟਿਲਟੀ ਟਰੱਕਾਂ; ਜਿੰਨਾਂ ਦੀ ਕੀਮਤ $115,858.14 ਤੋਂ ਘੱਟ ਹੋਵੇ ਅਤੇ ਪੀਟਰਸਨ ਟ੍ਰੈਕਟਰ ਕੰਪਨੀ (Peterson Tractor Co.) ਤੋਂ $195,550.38 ਤੋਂ ਘੱਟ ਕੀਮਤ ਵਾਲੇ ਇੱਕ ਵੀਲਰ P385B ਐਸਫਾਲਟ ਪੇਵਰ ਲਈ ਖਰੀਦ ਆਰਡਰ ਸਮਝੌਤਿਆਂ ਲਈ ਮਨਜ਼ੂਰੀ। ਦਿਸ਼ਾ ਨਿਰਦੇਸ਼ 15061 ਦੇ ਤਹਿਤ CEQA ਸਮੀਖਿਆ ਤੋਂ ਛੋਟ***

*ਸੰਪਰਕ ਲਈ ਵਿਅਕਤੀ:*

| | | |
|---|---|---|
| *ਨਾਮ:* | *ਮਾਰਕ ਕੋਲਿੰਸ (Mark Collins)* | *ਹੈਂਸ ਲਾਰਸਨ (Hans Larsen)* |
| *ਪਦਵੀ:* | *ਫਲੀਟ ਰੱਖ-ਰਖਾਅ ਪ੍ਰਬੰਧਕ* | *ਜਨਤਕ ਕਾਰਜ ਨਿਦੇਸ਼ਕ* |
| *ਵਿਭਾਗ:* | *ਰੱਖ-ਰਖਾਅ* | *ਜਨਤਕ ਕਾਰਜ* |
| *ਫੋਨ:* | *510-979-5739* | *510-494-4722* |

| | | |
|---|---|---|
| *ਈ-ਮੇਲ:* | *mcollins@fremont.gov* | *hlarsen@fremont.gov* |

***ਸਿਫ਼ਾਰਸ਼ਾਂ:***

1. *ਦੋ ਫੋਰਡ F350 ਯੂਟਿਲਿਟੀ ਟਰੱਕਾਂ ਦੀ ਖਰੀਦ ਲਈ $115,858.14 ਤੋਂ ਘੱਟ ਰਾਸ਼ੀ ਵਿੱਚ ਐਲਬਨੀ ਫੋਰਡ ਦੇ ਨਾਲ ਖਰੀਦ ਆਰਡਰ ਸਮਝੌਤੇ ਨੂੰ ਨੇਪਰੇ ਚਾੜ੍ਹਣ ਲਈ ਸਿਟੀ ਮੈਨੇਜਰ ਜਾਂ ਮਨੋਨੀਤ ਵਿਅਕਤੀ ਨੂੰ ਅਧਿਕਾਰਤ ਕਰਨਾ।*
2. *ਇੱਕ ਵੀਲਰ P385B ਐਸਫ਼ਾਲਟ ਪੇਵਰ ਦੀ ਖਰੀਦ ਲਈ $195,550.38 ਤੱਕ ਦੀ ਰਾਸ਼ੀ ਵਿੱਚ, ਪੀਟਰਸਨ ਟਰੈਕਟਰ ਕੰਪਨੀ (Peterson Tractor Co.) ਦੇ ਨਾਲ ਖਰੀਦ ਆਰਡਰ ਸਮਝੌਤੇ ਨੂੰ ਨੇਪਰੇ ਚਾੜ੍ਹਣ ਲਈ ਸਿਟੀ ਮੈਨੇਜਰ ਜਾਂ ਮਨੋਨੀਤ ਵਿਅਕਤੀ ਨੂੰ ਅਧਿਕਾਰਤ ਕਰਨਾ।*

**F.** ***ਬਾਲਣ ਦੀ ਸਪਲਾਈ ਲਈ ਸਮਝੌਤਾ - ਗੈਸੋਲੀਨ ਅਤੇ ਡੀਜਲ ਬਾਲਣ ਦੀ ਖਰੀਦ ਅਤੇ ਵੰਡ ਲਈ ਦੱਖਣ ਕਾਉਂਟੀਜ ਤੇਲ ਕੰਪਨੀ ਦੇ ਨਾਲ ਖਰੀਦ ਆਰਡਰ ਲਈ ਸਮਝੌਤੇ ਨੂੰ ਨੇਪਰੇ ਚਾੜ੍ਹਣ ਲਈ ਲਈ ਅਧਿਕਾਰ ਦੇਣਾ। ਦਿਸ਼ਾ ਨਿਰਦੇਸ਼ 15378 (b) (2) ਦੇ ਅਨੁਸਾਰ CEQA ਸਮੀਖਿਆ ਤੋਂ ਛੋਟ***

*ਸੰਪਰਕ ਲਈ ਵਿਅਕਤੀ:*

| | | |
|---|---|---|
| *ਨਾਮ:* | *ਮਾਰਕ ਕੋਲਿੰਸ (Mark Collins)* | *ਹੈਂਸ ਲਾਰਸਨ (Hans Larsen)* |
| *ਪਦਵੀ:* | *ਫਲੀਟ ਰੱਖ-ਰਖਾਅ ਪ੍ਰਬੰਧਕ* | *ਜਨਤਕ ਕਾਰਜ ਨਿਦੇਸ਼ਕ* |
| *ਵਿਭਾਗ:* | *ਰੱਖ-ਰਖਾਅ* | *ਜਨਤਕ ਕਾਰਜ* |
| *ਫੋਨ:* | *510-979-5739* | *510-494-4722* |
| *ਈ-ਮੇਲ:* | *mcollins@fremont.gov* | *hlarsen@fremont.gov* |

***ਸਿਫ਼ਾਰਸ:*** *ਇੱਕ ਸਾਲ ਦੀ ਮਿਆਦ ਲਈ ਬੋਲੀ # 17-022 ਮੁਤਾਬਕ ਅਨਲੈਡਿਡ ਗੈਸੋਲੀਨ ਅਤੇ ਡੀਜ਼ਲ ਇੰਧਨ ਦੀ ਖਰੀਦ ਅਤੇ ਡਿਲਿਵਰੀ ਲਈ ਅਤੇ ਤਿੰਨ ਸਾਲਾਂ ਤੱਕ ਲਈ ਸਮਝੌਤੇ ਨੂੰ ਨਵਿਆਉਂਦਿਆਂ, ਦੱਖਣੀ ਕਾਉਂਟੀਜ਼ ਤੇਲ ਕੰਪਨੀ ਡੀ.ਬੀ.ਏ.ਐਸ.ਸੀ. (DBA SC) ਫ਼ਿਊਲਜ਼ ਨਾਲ ਖਰੀਦ ਆਰਡਰ ਸਮਝੌਤੇ ਨੂੰ ਲਾਗੂ ਕਰਨ ਲਈ ਸਿਟੀ ਮੈਨੇਜਰ ਜਾਂ ਮਨੋਨੀਤ ਵਿਅਕਤੀ ਨੂੰ ਅਧਿਕਾਰਤ ਕਰਨਾ।*

**G.** ***ਲਾਈਟ ਰੱਖ-ਰਖਾਅ ਸਮਝੌਤੇ - ਸਮਝੌਤਾ ਅਵਾਰਡ ਪ੍ਰਦਾਨ ਕਰਨਾ ਅਤੇ ਬਾਹਰੀ ਸੜਕ ਦੀਆਂ ਲਾਈਟਾਂ ਅਤੇ ਪਬਲਿਕ ਸੁਵਿਧਾਵਾਂ ਵਿਖੇ ਲਾਈਟਾਂ ਦੀ ਸਾਂਭ ਸੰਭਾਲ ਸਹੂਲਤਾਂ ਲਈ ਬੇਅਰ ਇਲੈਕਟ੍ਰਿਕ ਸੋਲੂਸ਼ਨਜ਼ (Bear Electrical Solutions) ਨਾਲ ਸਮਝੌਤਾ ਕਰਨ ਲਈ ਸਿਟੀ ਮੈਨੇਜਰ ਜਾਂ ਮਨੋਨੀਤ ਵਿਅਕਤੀ ਨੂੰ ਅਧਿਕਾਰਤ ਕਰਨਾ***

*ਸੰਪਰਕ ਲਈ ਵਿਅਕਤੀ:*

| | | |
|---|---|---|
| *ਨਾਮ:* | *ਕਾਰਲ ਵਾਲਡੇਜ਼ (Carl Valdez)* | *ਹੈਂਸ ਲਾਰਸਨ (Hans Larsen)* |
| *ਪਦਵੀ:* | *ਸਟ੍ਰੀਟ ਰੱਖ-ਰਖਾਅ ਪ੍ਰਬੰਧਕ* | *ਜਨਤਕ ਕਾਰਜ ਨਿਦੇਸ਼ਕ* |
| *ਵਿਭਾਗ:* | *ਰੱਖ-ਰਖਾਅ* | *ਜਨਤਕ ਕਾਰਜ* |
| *ਫੋਨ:* | *510-979-5719* | *510-494-4722* |
| *ਈ-ਮੇਲ:* | *cvaldez@fremont.gov* | *hlarsen@fremont.gov* |

*ਸਿਫ਼ਾਰਸ਼ਾਂ:*

1. *ਸਮਝੌਤਾ ਅਵਾਰਡ ਪ੍ਰਦਾਨ ਕਰਨਾ ਅਤੇ ਸਿਟੀ ਮੈਨੇਜਰ ਜਾਂ ਮਨੋਨੀਤ ਵਿਅਕਤੀ ਨੂੰ $481,993.00 ਦੀ ਰਕਮ ਤੱਕ 1 ਜੁਲਾਈ 2017 ਤੋਂ ਲਾਗੂ ਇੱਕ ਸਾਲ ਦੀ ਮਿਆਦ ਲਈ ਸੜਕਾਂ ਦੀਆਂ ਲਾਈਟਾਂ ਅਤੇ ਜਨਤਕ ਸੁਵਿਧਾਵਾਂ ਦੀ ਸਾਂਭ ਸੰਭਾਲ ਲਈ ਬੇਅਰ ਇਲੈਕਟ੍ਰਿਕ ਸੋਲੂਸ਼ਨਜ਼ (Bear Electrical Solutions) ਨਾਲ ਇੱਕ ਸਮਝੌਤਾ ਕਰਨ ਲਈ ਅਧਿਕਾਰਿਤ ਕਰਨਾ।*
2. *ਸਿਟੀ ਮੈਨੇਜਰ ਜਾਂ ਮਨੋਨੀਤ ਵਿਅਕਤੀ ਨੂੰ ਚਾਰ ਹੋਰ ਸਾਲਾਂ ਲਈ ਸੈਨ ਫ੍ਰਾਂਸਿਸਕੋ ਬੇਅ ਏਰੀਆ ਦੇ ਪ੍ਰਾਇਸ ਇੰਡੈਕਸ (San Francisco Bay Area Price Index) ਦੇ ਅਧਾਰ ਤੇ ਸਾਲਾਨਾ ਕੀਮਤ ਅਨੁਕੂਲਨ ਦੇ ਅਧੀਨ ਬੇਅਰ ਇਲੈਕਟ੍ਰਿਕ ਸੋਲੂਸ਼ਨਜ਼ (Bear Electrical Solutions) ਨਾਲ ਸਮਝੌਤੇ ਨੂੰ ਰੀਨਿਊ ਕਰਨ ਲਈ ਅਧਿਕਾਰਿਤ ਕਰਨਾ ਜੋ 5% ਤੋਂ ਜ਼ਿਆਦਾ ਨਾ ਵਧੇ।*

**H.** ***ਸਟੋਰਮ ਡਰੇਨ ਰੱਖ-ਰਖਾਅ ਉਪਕਰਨ - ਸਟੋਰਮ ਡਰੇਨ (ਤੂਫ਼ਾਨ ਦੇ ਪਾਣੀ) ਰੱਖ-ਰਖਾਵ ਉਪਕਰਨ ਲਈ ਪੋਰਟੇਬਲ ਟੀਵੀ ਨਿਰੀਖਣ ਪ੍ਰਣਾਲੀ ਲਈ ਅਟਲਾਂਟਿਕ ਮਸ਼ੀਨਰੀ, ਇੰਕ. (Atlantic Machinery, Inc.) ਨਾਲ ਖਰੀਦ ਆਰਡਰ ਸਮਝੌਤੇ ਨੂੰ ਪ੍ਰਵਾਨਗੀ ਜੋ ਕਿ $127,112.59 ਤੋਂ ਵੱਧ ਨਾ ਹੋਵੇ; ਦਿਸ਼ਾ ਨਿਰਦੇਸ਼ 15061 ਤਹਿਤ CEQA ਸਮੀਖਿਆ ਤੋਂ ਛੋਟ***

*ਸੰਪਰਕ ਲਈ ਵਿਅਕਤੀ:*

| | | |
|---|---|---|
| *ਨਾਮ:* | *ਕਾਰਲ ਵਾਲਡੇਜ਼ (Carl Valdez)* | *ਹੈਂਸ ਲਾਰਸਨ (Hans Larsen)* |
| *ਪਦਵੀ:* | *ਸਟ੍ਰੀਟ ਰੱਖ-ਰਖਾਅ ਪ੍ਰਬੰਧਕ* | *ਜਨਤਕ ਕਾਰਜ ਨਿਦੇਸ਼ਕ* |
| *ਵਿਭਾਗ:* | *ਰੱਖ-ਰਖਾਅ* | *ਜਨਤਕ ਕਾਰਜ* |
| *ਫ਼ੋਨ:* | *510-979-5719* | *510-494-4722* |
| *ਈ-ਮੇਲ:* | *cvaldez@fremont.gov* | *hlarsen@fremont.gov* |

***ਸਿਫ਼ਾਰਸ਼:*** *ਇੱਕ ਮਾਰਕ 3 ਪੋਰਟੇਬਲ ਟੀਵੀ ਇੰਸਪੈਕਸ਼ਨ ਸਿਸਟਮ ਖਰੀਦਣ ਲਈ $127,112.59 ਤੋਂ ਵੱਧ ਨਾ ਹੋਣ ਵਾਲੀ ਰਾਸ਼ੀ ਤਹਿਤ ਅਟਲਾਂਟਿਕ ਮਸ਼ੀਨਰੀ, ਇੰਕ (Atlantic Machinery, Inc.) ਦੇ ਨਾਲ ਖਰੀਦ ਆਰਡਰ ਸਮਝੌਤੇ ਨੂੰ ਚਲਾਉਣ ਲਈ ਸਿਟੀ ਮੈਨੇਜਰ ਜਾਂ ਮਨੋਨੀਤ ਵਿਅਕਤੀ ਨੂੰ ਅਧਿਕਾਰਤ ਕਰਨਾ।*

**I.** ***ਫ੍ਰੀਮੌਂਟ ਦੇ ਅਮੈਰੀਕਨਜ਼ ਵਿਦ ਡਿਸਐਬਿਲਟੀ ਐਕਟ (ਏਡੀਏ) (AMERICANS WITH DISABILITIES ACT, ADA) ਸਿਟੀ ਈਵੈਲੂਏਸ਼ਨ ਐਂਡ ਟ੍ਰਾਂਜੀਸ਼ਨ ਪਲਾਨ ਦੇ ਲਈ ਸਰਵਿਸ ਸਮਝੌਤੇ ਵਿੱਚ ਸੋਧ - ਸਿਟੀ ਮੈਨੇਜਰ ਜਾਂ ਮਨੋਨੀਤ ਵਿਅਕਤੀ ਨੂੰ ਡਿਸਐਬਿਲਟੀ ਐਕਸੈਸ ਕੰਸਲਟੈਂਟਸ (ਡੀਏਸੀ) (Disability Access Consultants, DAC) ਨਾਲ ਕੀਤੇ ਜਾਣ ਵਾਲੇ ਸਰਵਿਸ ਸਮਝੌਤੇ ਵਿੱਚ ਕੀਤੀਆਂ ਗਈਆਂ ਸੋਧਾਂ ਨੂੰ ਲਾਗੂ ਕਰਨ ਲਈ ਅਧਿਕਾਰਤ ਕਰਨਾ ਤਾਂ ਜੋ ਸਿਟੀ ਦਾ ਮੁਲਾਂਕਣ ਕੀਤਾ ਜਾ ਸਕੇ ਅਤੇ ਫੇਜ਼ II ਦੀਆਂ ਸੇਵਾਵਾਂ ਦੇ ਇੱਕਰਾਰ ਦੀ ਰਾਸ਼ੀ ਨੂੰ $295,075 ਤੋਂ ਵੱਧ ਤੋਂ ਵੱਧ $535,075 ਤੱਕ ਵਧਾਉਣ ਲਈ ਸਿਟੀ ਆਫ਼ ਫ੍ਰੀਮੌਂਟ ਦੇ ਏਡੀਏ (ADA Transition Plan) ਟ੍ਰਾਂਜੀਸ਼ਨ ਪਲਾਨ ਨੂੰ ਅਪਡੇਟ ਕਰਨਾ।***

*ਸੰਪਰਕ ਲਈ ਵਿਅਕਤੀ:*

| | | |
|---|---|---|
| *ਨਾਮ:* | *ਕੈਲੀਕਿੰਗ (Kelly King)* | *ਜੈਸਿਕਾ ਵੋਨ ਬੋਰਕ (Jessica von Borck)* |
| *ਪਦਵੀ:* | *ਉੱਪ ਨਿਦੇਸ਼ਕ ਰੱਖ-ਰਖਾਅ ਅਤੇ ਕਾਰੋਬਾਰੀ* | *ਸਹਾਇਕ ਸਿਟੀ ਪ੍ਰਬੰਧਕ* |

| | | |
|---|---|---|
| | *ਔਪ੍ਰੇਸ਼ਨ* | |
| *ਵਿਭਾਗ:* | *ਜਨਤਕ ਕਾਰਜ* | *ਸਿਟੀ ਮੈਨੇਜਰ ਦਾ ਦਫਤਰ* |
| *ਫੋਨ:* | *510-979-5753* | *510-248-4008* |
| *ਈ-ਮੇਲ:* | *kking@fremont.gov* | *jvborck@fremont.gov* |

***ਸਿਫ਼ਾਰਸ਼ਾਂ:***

1. *ਪੜਾਅ II ਸੇਵਾਵਾਂ ਦੀ ਇੱਕਰਾਰ ਰਾਸ਼ੀ ਨੂੰ $295,075 ਤੋਂ ਵੱਧ ਤੋਂ ਵੱਧ $593,075 ਤੱਕ ਕਰਨ ਲਈ ਲਈ ਡੀਏਸੀ (DAC) ਦੇ ਨਾਲ ਸਰਵਿਸ ਸਮਝੌਤੇ ਵਿੱਚ ਸੋਧ ਕਰਨ ਲਈ ਸਿਟੀ ਮੈਨੇਜਰ ਜਾਂ ਮਨੋਨੀਤ ਵਿਅਕਤੀ ਨੂੰ ਮੰਜ਼ੂਰੀ ਦੇਣਾ ਅਤੇ ਅਧਿਕਾਰਤ ਕਰਨਾ।*
2. *ਸਮਝੌਤੇ ਵਿੱਚ ਵਾਧੇ ਨੂੰ ਫੰਡ ਕਰਨ ਲਈ PWC8846 ADA ਟ੍ਰਾਂਜਿਸ਼ਨ ਪਲਾਨ ਪ੍ਰੋਜੈਕਟ ਵਿੱਚ ਕੁਲ $240,000 ਲਈ PWC8877-520 ACTC ਪ੍ਰਸਤਾਵ ਬੀਬੀ ਫੰਡ ਤੋਂ $1,35,000 ਅਤੇ PWC8877-519 ACTC ACTC ਮੇਜਰ BB ਫੰਡ ਤੋਂ $105,000 ਦੀ ਰੀਆਲੋਕੇਸ਼ਨ ਨੂੰ ਪ੍ਰਵਾਨ ਕਰਨਾ।*

***J. ਰੇਲਵੇ ਡਿਜ਼ਾਇਨ ਸੇਵਾ - ਰਾਜ ਮਾਰਗ ਰੇਲ ਇੰਟਰਕਨੇਕਟ ਡਿਜ਼ਾਇਨ ਅਤੇ ਰਾਜ ਮਾਰਗ-ਰੇਲ ਸੰਚਾਲਨ ਵਿਸ਼ਲੇਸ਼ਣ ਸੇਵਾਵਾਂ ਲਈ $50,000 ਦੀ ਰਾਸ਼ੀ ਵਿੱਚ ਰੇਲਪ੍ਰੋਜ਼ ਇੰਕ (RailPros, Inc.) ਦੇ ਨਾਲ ਔਨ-ਕਾਲ ਇੰਜੀਨਿਅਰਿੰਗ ਸਲਾਹਕਾਰ ਸੇਵਾ ਲਈ ਸੋਧ ਦੀ ਮਨਜ਼ੂਰੀ***

*ਸੰਪਰਕ ਲਈ ਵਿਅਕਤੀ:*

| | | |
|---|---|---|
| *ਨਾਮ:* | *ਜੀਨ ਸੁਇਸ਼ੀ (Jeanne Suyeishi)* | *ਹੈਂਸ ਲਾਰਸਨ (Hans Larsen)* |
| *ਪਦਵੀ:* | *ਸੀਨੀਅਰ ਸਿਵਲ ਇੰਜੀਨੀਅਰ* | *ਜਨਤਕ ਕਾਰਜ ਨਿਦੇਸ਼ਕ* |
| *ਵਿਭਾਗ:* | *ਜਨਤਕ ਕਾਰਜ* | *ਜਨਤਕ ਕਾਰਜ* |
| *ਫੋਨ:* | *510-494-4728* | *510-494-4722* |
| *ਈ-ਮੇਲ:* | *jsuyeishi@fremont.gov* | *hlarsen@fremont.gov* |

***ਸਿਫ਼ਾਰਸ:*** *$50,000 ਤੋਂ ਘੱਟ ਰਕਮ ਵਿੱਚ ਰੇਲਪ੍ਰੋਜ਼ ਇੰਕ (RailPros, Inc.) ਦੇ ਨਾਲ ਵਾਧੂ ਰਾਜ ਮਾਰਗ-ਰੇਲ ਇੰਟਰਕਨੈਕਟ ਡਿਜ਼ਾਇਨ ਸੇਵਾਵਾਂ ਅਤੇ ਰਾਜ ਮਾਰਗ-ਰੇਲ ਸੰਚਾਲਨ ਵਿਸ਼ਲੇਸ਼ਣ ਸੇਵਾਵਾਂ ਲਈ ਔਨ-ਕਾਲ ਮਾਸਟਰ ਸਰਵਿਸ ਸਮੱਝੌਤੇ ਵਿੱਚ ਸੋਧ ਕਰਨ ਲਈ ਸਿਟੀ ਮੈਨੇਜਰ ਜਾਂ ਮਨੋਨੀਤ ਵਿਅਕਤੀ ਨੂੰ ਅਧਿਕਾਰਤ ਕਰਨਾ।*

***K. ਨਿਵੇਸ਼ ਯੋਜਨਾ ਦੀ ਸਾਲਾਨਾ ਮਨਜ਼ੂਰੀ- ਨਿਵੇਸ਼ ਯੋਜਨਾ ਦੀ ਸਾਲਾਨਾ ਮਨਜ਼ੂਰੀ; ਨਿਵੇਸ਼ਾਂ ਨੂੰ ਪ੍ਰਬੰਧਿਤ ਕਰਨ ਲਈ ਸਿਟੀ ਖਜ਼ਾਨਾ ਅਧਿਕਾਰੀ ਨੂੰ ਅਧਿਕਾਰਾਂ ਦੀ ਸਾਲਾਨਾ ਡੈਲੀਗੇਸ਼ਨ***

*ਸੰਪਰਕ ਲਈ ਵਿਅਕਤੀ:*

| | |
|---|---|
| *ਨਾਮ:* | *ਡੇਵਿਡ ਪਰਸਸੇਲਿਨ (David Persselin)* |
| *ਪਦਵੀ:* | *ਵਿੱਤ ਨਿਦੇਸ਼ਕ* |
| *ਵਿਭਾਗ:* | *ਵਿੱਤ ਵਿਭਾਗ* |
| *ਫੋਨ:* | *510-494-4631* |
| *ਈ-ਮੇਲ:* | *dpersselin@fremont.gov* |

***ਸਿਫ਼ਾਰਸ:*** *ਵਿੱਤੀ ਵਰ੍ਹੇ 2017/18 ਦੇ ਲਈ ਸਿਟੀ ਨਿਵੇਸ਼ ਨੀਤੀ ਨੂੰ ਮਨਜ਼ੂਰ ਕਰਨ ਲਈ ਅਤੇ ਜਨਤਕ ਧਨ ਨੂੰ ਨਿਵੇਸ਼ ਅਤੇ ਮੁੜ ਨਿਵੇਸ਼ ਕਰਨ ਲਈ ਸਿਟੀ ਕੌਂਸਲ ਦੇ ਅਧਿਕਾਰ ਨੂੰ ਸੌਂਪਣ ਲਈ, ਤੇ ਇਸ ਤਰ੍ਹਾਂ ਖਰੀਦੀਆਂ ਗਈਆਂ ਸਿਕਯੁਰਿਟੀਜ਼ ਨੂੰ ਵਿੱਤ ਨਿਦੇਸ਼ਕ/ਖਜਾਂਚੀ ਦੁਆਰਾ ਇੱਕ ਸਾਲ ਜਾਂ ਸਿਟੀ ਕੌਂਸਲ ਦੁਆਰਾ ਇਸ ਤੋਂ ਪਹਿਲਾਂ ਰੱਦ ਕਰਨ ਤੱਕ ਖਰੀਦਣ ਅਤੇ ਬਦਲਣ ਲਈ ਇੱਕ ਪ੍ਰਸਤਾਵ ਨੂੰ ਅਪਣਾਉਣਾ।*

*L.* ***ਆਵਾਜਾਈ ਗ੍ਰਾਂਟ ਫੰਡ - $2.8 ਮਿਲੀਅਨ ਦੀ ਰਾਸ਼ੀ ਵਿੱਚ ਪੇਵਮੈਂਟ ਰੀਹੈਬਲੀਟੇਸ਼ਨ ਪ੍ਰੋਜੈਕਟ ਲਈ ਐਮਟੀਸੀ (MTC) ਗ੍ਰਾਂਟ ਫੰਡ ਪ੍ਰਾਪਤ ਕਰਨ ਲਈ ਸਥਾਨਕ ਮਦਦ ਲਈ ਅਤੇ $7.7 ਮਿਲੀਅਨ ਡਾਲਰ ਦੀ ਰਕਮ ਨਾਲ ਮਾਰਗਾਂ ਨੂੰ ਪੂਰੀ ਤਰ੍ਹਾਂ ਅੱਪਗ੍ਰੇਡ ਕਰਨ ਲਈ ਸੈਂਟਰਵਿਲ ਪੀਡੀਏ (Centerville PDA) ਵਿੱਚ ਤਿਆਗੇ ਗਏ ਸਟੇਟ ਰੂਟ 84 ਲਈ ਇੱਕ ਮਤਾ ਅਪਣਾਉਣਾ***

*ਸੰਪਰਕ ਲਈ ਵਿਅਕਤੀ:*

| | | |
|---|---|---|
| *ਨਾਮ:* | *Noe Veloso* | *ਹੈਂਸ ਲਾਰਸਨ (Hans Larsen)* |
| *ਪਦਵੀ:* | *ਮੁੱਖ ਟ੍ਰਾਂਸਪੋਰਟੇਸ਼ਨ ਇੰਜੀਨਿਅਰ* | *ਜਨਤਕ ਕਾਰਜ ਨਿਦੇਸ਼ਕ* |
| *ਵਿਭਾਗ:* | *ਜਨਤਕ ਕਾਰਜ* | *ਜਨਤਕ ਕਾਰਜ* |
| *ਫੋਨ:* | *510-494-4774* | *510-494-4722* |
| *ਈ-ਮੇਲ:* | *nveloso@fremont.gov* | *hlarsen@fremont.gov* |

***ਸਿਫ਼ਾਰਸ:*** *ਪੇਵਮੈਂਟ ਰੀਹੈਬਲੀਟੇਸ਼ਨ ਪ੍ਰੋਜੈਕਟ ਐਮਟੀਸੀ (Pavement Rehabilitation Project) (MTC) ਲਈ 2.8 ਮਿਲੀਅਨ ਡਾਲਰ ਦੀ ਰਕਮ ਦੀ ਵਨ ਬੇਅ ਏਰੀਆ ਗ੍ਰਾਂਟ (OBAG) (One Bay Area Grant, OBAG) ਅਤੇ ਸੈਂਟਰਵਿਲ ਪੀਡੀਏ (Centerville PDA) ਵਿੱਚ ਤਿਆਗੇ ਗਏ ਸਟੇਟ ਰੂਟ (Relinquished State Route) 84 ਦੀ ਪੂਰੀ ਸੜਕ ਦੇ ਅਪਗ੍ਰੇਡ ਲਈ 7.7 ਮਿਲੀਅਨ ਡਾਲਰ ਦੀ ਰਕਮ ਦੀ ਪ੍ਰੋਗਰਾਮ ਫੰਡਿੰਗ ਨੂੰ ਪ੍ਰਾਪਤ ਕਰਨ ਲਈ, ਜਿਸ ਤਰ੍ਹਾਂ ਮੈਟਰੋਪਾਲੀਟਨ ਟ੍ਰਾਂਸਪੋਰਟੇਸ਼ਨ ਕਮਿਸ਼ਨ (Metropolitan Transportation Commission, MTC) ਦੁਆਰਾ ਲੋੜੀਂਦਾ ਹੈ, ਸਥਾਨਕ ਸਹਾਇਤਾ ਦੇ ਇੱਕ ਪ੍ਰਸਤਾਵ ਨੂੰ ਅਪਨਾਉਣਾ; ਅਤੇ: ਸਿਟੀ ਮੈਨੇਜਰ ਜਾਂ ਮਨੋਨੀਤ ਵਿਅਕਤੀ ਨੂੰ ਗ੍ਰਾਂਟ ਫੰਡਿੰਗ ਦੇ ਲਈ ਦਰਖਾਸਤ ਲਾਗੂ ਕਰਨ ਅਤੇ ਦਾਖਲ ਕਰਨ; ਕਿਸੇ ਤਰ੍ਹਾਂ ਦੇ ਲੋੜੀਂਦੇ ਮੈਚਿੰਗ ਫੰਡਾਂ ਲਈ ਪ੍ਰਤੀਬੱਧਤਾ ਦੇਣ; ਅਤੇ ਪ੍ਰੋਜੈਕਟਾਂ ਨੂੰ ਪੂਰਾ ਕਰਨ ਲਈ ਭਰੋਸਾ ਦੇਣ ਲਈ ਅਧਿਕਾਰਤ ਕਰਨਾ।*

## 3. ਰਸਮੀ ਆਈਟਮਾਂ – ਕੋਈ ਨਹੀਂ।

## 4. ਜਨਤਕ ਸੰਚਾਰ

### A. ਮੌਖਿਕ ਅਤੇ ਲਿਖਤੀ ਸੰਚਾਰ

**ਸ਼ਹਿਰੀ ਵਿਕਾਸ ਅਥਾਰਿਟੀ** – ਕੋਈ ਨਹੀਂ।

**ਜਨਤਕ ਵਿੱਤ ਅਥਾਰਿਟੀ** – ਕੋਈ ਨਹੀਂ।

## ਸਹਿਮਤੀ ਕੈਲੰਡਰ ਤੋਂ ਹਟਾਈਆਂ ਗਈਆਂ ਆਈਟਮਾਂ ਬਾਰੇ ਵਿੱਚਾਰ ਕਰਨਾ

## 5. ਸੂਚੀਬੱਧ ਮੁੱਦੇ

### A. ਫੇਅਰਫ਼ੀਲਡ ਇੰਵੈਸਟਮੈਂਟ ਕੰਪਨੀ ਏਲਏਲਸੀ (FAIRFIELD INVESTMENT COMPANY LLC) ਅਤੇ ਵੇਕਲੈਂਡ ਹਾਊਸਿੰਗ ਐਂਡ ਡੇਵਲਪਮੇਂਟ ਕਾਰਪੋਰੇਸ਼ਨ (ਵੈਲੇ ਓਕ) (WAKELAND HOUSING AND DEVELOPMENT CORPORATION, VALLEY OAK)) ਦੇ ਨਾਲ ਸਬੰਧਿਤ ਇੱਕਾਈਆਂ ਲਈ ਬਾਂਡ ਜਾਰੀ ਕਰਨਾ - ਵਾਰਮ ਸਪ੍ਰਿੰਗਸ ਅਪਾਰਟਮੈਂਟ ਕਿਫਾਇਤੀ ਹਾਊਸਿੰਗ ਪ੍ਰੋਜੈਕਟ (Warm Springs Apartments Affordable Housing Project) ਲਈ ਕੈਲੀਫੋਰਨਿਆ ਸਟੇਟਵਾਈਡ ਕੰਮਿਊਨਿਟੀ ਵਿਕਾਸ ਅਥਾਰਿਟੀ ਦੁਆਰਾ ਕਰ-ਮੁਕਤ ਬਾਂਡ ਜਾਰੀ ਕਰਨ ਉੱਤੇ ਵਿੱਚਾਰ ਕਰਨ ਲਈ ਟੈਕਸ ਇੱਕਵਿਟੀ ਅਤੇ ਫਿਸਕਲ ਰਿਸਪੌਂਸੇਬਿਲਟੀ ਕਾਨੂੰਨ (TEFRA) ਅਨੁਸਾਰ ਜਨਤਕ ਸੁਣਵਾਈ (ਪ੍ਰਕਾਸ਼ਿਤ ਸੂਚਨਾ) -- ਸਿਟੀ ਕੌਂਸਲ ਦੀ 11 ਅਪ੍ਰੈਲ , 2017 ਅਤੇ 2 ਮਈ, 2017 ਦੀ ਬੈਠਕ ਤੋਂ ਜਾਰੀ ਰੱਖਦੇ ਹੋਏ।

ਸੰਪਰਕ ਲਈ ਵਿਅਕਤੀ:

| | |
|---|---|
| ਨਾਮ: | ਡੇਵਿਡ ਪਰਸਸੇਲਿਨ (David Persselin) |
| ਪਦਵੀ: | ਵਿੱਤ ਨਿਦੇਸ਼ਕ |
| ਵਿਭਾਗ: | ਵਿੱਤ ਵਿਭਾਗ |
| ਫੋਨ: | 510-494-4631 |
| ਈ-ਮੇਲ: | dpersselin@fremont.gov |

**ਸਿਫ਼ਾਰਸ਼ਾਂ:**

1. TEFRA ਮੁਤਾਬਕ ਇੱਕ ਜਨਤਕ ਸੁਣਵਾਈ ਕਰਨਾ;
2. ਫੇਅਰਫੀਲਡ ਇਨਵੈਸਟਮੈਂਟ ਕੰਪਨੀ ਐਲਐਲਸੀ (Fairfield Investment Company LLC) ਅਤੇ ਵੇਕਲੈਂਡ ਹਾਊਸਿੰਗ ਐਂਡ ਡਿਵੈਲਪਮੈਂਟ ਕਾਰਪੋਰੇਸ਼ਨ (Wakeland Housing and Development Corporation) ਦੀ ਇੱਕ ਸਬੰਧਿਤ ਇੱਕਾਈ ਦੁਆਰਾ ਵਿਕਸਿਤ ਕੀਤੇ ਜਾਣ ਵਾਲੇ ਸਿਟੀ ਆਫ ਫ੍ਰੀਮੌਂਟ ਵਿੱਚ ਇੱਕ ਕਿਫਾਇਤੀ ਅਥਾਰਟੀ ਪ੍ਰੋਜੈਕਟ ਨੂੰ ਵਿੱਤੀ ਮਦਦ ਦੇਣ ਦੇ ਮਕਸਦ ਲਈ ਕੈਲੀਫੋਰਨੀਆ ਰਾਜਵਿਆਪੀ ਕਮਯੂਨਿਟੀਜ਼ ਵਿਕਾਸ ਅਥਾਰਟੀ (California Statewide Communities Development Authority) ਦੁਆਰਾ ਮਲਟੀਫੈਮਲੀ ਹਾਊਸਿੰਗ ਰੈਵੇਨਿਊ ਬਾਂਡ (Multifamily Housing Revenue Bonds) ਜਾਰੀ ਕਰਨ ਦੇ ਪ੍ਰਸਤਾਵ ਨੂੰ ਅਪਨਾਉਣਾ।

### B. ਜ਼ਿਲ੍ਹਾ ਅਧਾਰਿਤ ਚੋਣਾਂ/ ਮਸੌਦਾ ਨਕਸ਼ਿਆਂ ਦੀ ਸਮੱਗਰੀ, ਚੋਣਾਂ ਦਾ ਕ੍ਰਮ - ਮਸੌਦਾ ਨਕਸ਼ਿਆਂ ਦੀ ਸਮੀਖਿਆ ਕਰਨ ਲਈ ਇੱਕ ਜਨਤਕ ਸੁਣਵਾਈ, ਚੋਣਾਂ ਦਾ ਕ੍ਰਮ, ਅਤੇ ਵੱਡੇ ਪੈਮਾਨੇ ਤੋਂ ਜ਼ਿਲ੍ਹਾ ਅਧਾਰਤ ਚੋਣਾਂ ਵਿੱਚ ਤਬਦੀਲੀ ਲਈ ਸਿਟੀ ਆਫ਼ ਫ੍ਰੀਮੌਂਟ ਦੇ ਇੱਕ ਆਰਡੀਨੈਂਸ ਦੀ ਪ੍ਰਸਤਾਵਨਾ।

ਸੰਪਰਕ ਲਈ ਵਿਅਕਤੀ:

| | | |
|---|---|---|
| ਨਾਮ: | ਜੈਸਿਕਾ ਵੋਨ ਬੋਰਕ (Jessica von Borck) | ਹਾਰਵੇ ਈ.ਲੇਵਿਨ (Harvey E. Levine) |

| | | |
|---|---|---|
| ਪਦਵੀ: | ਸਹਾਇਕ ਸਿਟੀ ਪ੍ਰਬੰਧਕ | ਸਿਟੀ ਅਟਾਰਨੀ |
| ਵਿਭਾਗ: | ਸਿਟੀ ਮੈਨੇਜਰ ਦਾ ਦਫਤਰ | ਸਿਟੀ ਅਟਾਰਨੀ ਦਾ ਦਫਤਰ |
| ਫ਼ੋਨ: | 510-248-4008 | 510-284-4030 |
| ਈ-ਮੇਲ: | jvborck@fremont.gov | hlevine@fremont.gov |

**ਸਿਫ਼ਾਰਸ਼ਾਂ:**

1. ਸੰਭਾਵਿਤ ਮਤਦਾਨ ਜ਼ਿਲ੍ਹਿਆਂ ਦੇ ਮਸੌਦਾ ਨਕਸ਼ਿਆਂ ਅਤੇ ਚੋਣ ਕੋਡ ਧਾਰਾ (Elections Code Section) 10010 ਦੇ ਅਨੁਸਾਰ ਜ਼ਿਲ੍ਹਾ-ਆਧਾਰਤ ਚੋਣ ਪ੍ਰਕਿਰਿਆ ਲਈ ਸੰਭਾਵਤ ਚੋਣਾਂ ਦੀ ਲੜੀ ਤੇ ਜਨਤਕ ਵਿੱਚਾਰ ਪ੍ਰਾਪਤ ਕਰਨ ਲਈ ਪ੍ਰਕਿਰਿਆ ਨਾਲ ਸਬੰਧਤ ਕਰਮਚਾਰੀਆਂ ਤੋਂ ਇੱਕ ਰਿਪੋਰਟ ਪ੍ਰਾਪਤ ਕਰੋ;
2. ਜਨਤਕ ਸੁਣਵਾਈ ਸ਼ੁਰੂ ਕਰੋ ਅਤੇ ਜਨਤਾ ਦੇ ਸਦੱਸਾਂ ਨੂੰ ਮਸੌਦਾ ਨਕਸ਼ੇ ਅਤੇ ਬੈਠਕ ਵਿੱਚ ਪੇਸ਼ ਸੰਭਾਵਿਤ ਚੋਣ ਲੜੀ ਉੱਤੇ ਪ੍ਰਤੀਕਿਰਿਆ ਦੇਣ ਲਈ ਸੱਦਾ ਦਿਓ;
3. ਉਦੋਂ ਜਨਤਕ ਸੁਣਵਾਈ ਨੂੰ ਬੰਦ ਕਰੋ ਜਦੋਂ ਜਨਤਾ ਵਲੋਂ ਕੋਈ ਵਿੱਚਾਰ ਨਾ ਆਵੇ ਅਤੇ ਮਨਪਸੰਦ ਡਰਾਫਟ ਨਕਸ਼ੇ ਦੀ ਚੋਣ ਕਰੋ;
4. ਇਹ ਪਤਾ ਲਗਾਓ ਕਿ ਪ੍ਰਸਤਾਵਿਤ ਨਿਯਮ CEQA ਦੇ ਦਿਸ਼ਾ ਨਿਰਦੇਸ਼ਾਂ ਦੀ ਧਾਰਾ 15061(b)(3) ਦੇ ਅਨੁਸਾਰ ਕੈਲੀਫੋਰਨੀਆਂ ਵਾਤਾਵਰਨ ਗੁਣਵੱਤਾ ਅਧਿਨਿਯਮ (CEQA) ਦੀਆਂ ਜਰੂਰਤਾਂ ਤੋਂ ਮੁਕਤ ਹੈ ਅਤੇ ਕਿ ਇਸ ਵਿੱਚ ਕੋਈ ਸੰਭਾਵਨਾ ਨਹੀਂ ਹੈ ਕਿ ਆਰਡੀਨੈਂਸ ਦਾ ਵਾਤਾਵਰਣ ਉੱਤੇ ਮਹੱਤਵਪੂਰਣ ਅਸਰ ਹੋਵੇਗਾ; ਅਤੇ
5. ਸਿਟੀ ਕੌਂਸਲ ਦੇ ਮੈਬਰਾਂ ਲਈ ਇੱਕ ਜ਼ਿਲ੍ਹਾ-ਆਧਾਰਤ ਪ੍ਰਣਾਲੀ ਦੀ ਸਥਾਪਨਾ ਦੀ ਆਰਡੀਨੈਂਸ ਸ਼ੁਰੂ ਕਰਨਾ, ਜ਼ਿਲ੍ਹਿਆਂ ਦੀ ਸਥਾਪਨਾ ਕਰਨਾ ਅਤੇ ਭਵਿੱਖ ਦੀਆਂ ਚੋਣਾਂ ਦਾ ਸਮਾਂ ਅਤੇ ਅਤੇ ਚੋਣਾਂ ਦਾ ਕ੍ਰਮ ਨਿਰਧਾਰਤ ਕਰੋ।

C. **ਵਾਰਮ ਸਪਰਿੰਗਸ ਟੈਕਨਾਲੋਜੀ ਸੈਂਟਰ ਮਾਸਟਰ ਪਲਾਨ PLN 2017 - 00086 - ਈਸਟ ਸਾਇਡ ਆਫ਼ ਵਾਰਮ ਸਪਰਿੰਗ ਬੁਲੇਵਾਰਡ, ਨਾਰਥ ਆਫ਼ ਕਾਰਪੋਰੇਟ ਵੇਅ ਵਿਖੇ ਸਥਿਤ, ਅਤੇ ਵਾਰਮ ਸਪਿਰੰਗਸ/ਸਾਊਥ ਫ੍ਰੀਮੌਂਟ ਕਮਯੂਨਿਟੀ ਪਲਾਨ ਦੇ ਪਲਾਨਿੰਗ ਏਰੀਆ 10 ਦੇ ਅੰਦਰ ਸਥਿਤ ±22 ਏਕੜ ਸੰਪਤੀ ਉੱਪਰ 584, 205 ਵਰਗ ਫ਼ੁੱਟ ਦੇ ਵਿਕਾਸ ਅਤੇ 108, 595 ਵਰਗ ਫ਼ੁੱਟ ਦੇ ਇੰਡਸਟਰੀਅਲ ਫਲੋਰ ਦੇ ਵਿਕਾਸ ਨੂੰ ਸੁਵਿਧਾਜਨਕ ਬਣਾਉਣ ਲਈ ਮਾਸਟਰ ਪਲਾਨ ਨੂੰ ਸਵੀਕ੍ਰਿਤੀ ਦੇਣ ਲਈ ਪਲਾਨਿੰਗ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਵਿੱਚਾਰਨ ਲਈ ਜਨਤਕ ਸੁਣਵਾਈ (ਪ੍ਰਕਾਸ਼ਿਤ ਨੋਟਿਸ) ਅਤੇ ਇਸ ਨਤੀਜੇ ਨੂੰ ਵਿੱਚਾਰਨਾ ਕਿ CEQA ਦਿਸ਼ਾ ਨਿਰਦੇਸ਼ਾਂ ਦੇ ਸੈਕਸ਼ਨ ਦੇ 15183 ਦੇ ਅਨੁਸਾਰ ਕੈਲੀਫ਼ੋਰਨੀਆ ਇਨਵਾਇਰਮੈਂਟ ਕੁਆਲਿਟੀ ਐਕਟ (California Environmental Quality Act, CEQA) ਦੇ ਅਨੁਪਾਲਨ ਦੀ ਲੋੜ ਨਹੀਂ ਹੈ ਕਿ ਕਿਉਂਕਿ ਪ੍ਰੋਜੈਕਟ ਵਾਰਮ ਸਪਰਿੰਗਜ਼/ਸਾਊਥ ਫ੍ਰੀਮੌਂਟ ਕਮਯੂਨਿਟੀ ਪਲਾਨ ਜਿਸ ਦੇ ਲਈ ਫਾਇਨਲ ਇਨਵਾਇਰਮੈਂਟਲ ਇੰਪੈਕਟ ਰਿਪੋਰਟ (SCH#2013032062) ਨੂੰ ਪਹਿਲਾਂ ਤਿਆਰ ਅਤੇ ਪ੍ਰਮਾਣਿਤ ਕੀਤਾ ਗਿਆ ਸੀ, ਦੁਆਰਾ ਸਥਾਪਤ ਘਣਤਾ ਅਤੇ ਤੀਬਰਤਾ ਦੇ ਅਨੁਸਾਰ ਹੈ।**

ਸੰਪਰਕ ਲਈ ਵਿਅਕਤੀ:

| | | |
|---|---|---|
| ਨਾਮ: | ਡੇਵਿਡ ਵੇਜ (David Wage) | ਕ੍ਰਿਸਟੀ ਵ੍ਹੀਲਰ (Kristie Wheeler) |
| ਪਦਵੀ: | ਸਹਾਇਕ ਪਲੈਨਰ | ਯੋਜਨਾ ਪ੍ਰਬੰਧਕ |
| ਵਿਭਾਗ: | ਯੋਜਨਾ | ਯੋਜਨਾ |
| ਫ਼ੋਨ: | 510-494-4447 | 510-494-4454 |
| ਈ-ਮੇਲ: | dwage@fremont.gov | kwheeler@fremont.gov |

**ਸਿਫ਼ਾਰਸ਼ਾਂ:**

1. ਜਨਤਕ ਸੁਣਵਾਈ ਕਰਨਾ।
2. ਪਤਾ ਕਰੋ ਕਿ CEQA ਦਿਸ਼ਾ-ਨਿਰਦੇਸ਼ਾ ਦੇ ਸੈਕਸ਼ਨ 15183 ਦੇ ਅਨੁਸਾਰ ਕਿਸੇ ਵੀ ਹੋਰ ਵਾਤਾਵਰਣ ਸਮੀਖਿਆ ਦੀ ਲੋੜ ਨਹੀਂ ਹੈ ਕਿਉਂਕਿ ਪ੍ਰੋਜੈਕਟ WS/SF ਕਮਯੂਨਿਟੀ ਪਲਾਨ ਦੁਆਰਾ ਸਥਾਪਤ ਵਿਕਾਸ ਘਣਤਾ ਅਤੇ ਤੀਬਰਤਾ ਦੇ ਅਨੁਕੂਲ ਹੈ, ਜਿਸ ਲਈ ਇੱਕ FEIR (SCH#2013032062) ਪਹਿਲਾਂ ਤਿਆਰ ਕੀਤੀ ਗਈ ਅਤੇ ਪ੍ਰਮਾਣਿਤ ਕੀਤੀ ਗਈ ਸੀ, ਅਤੇ ਇਹ ਕਿ ਪ੍ਰੋਜੈਕਟ ਦੀ ਪਾਣੀ ਦੀ ਮੰਗ ਪੂਰਕ ਦਸਤਾਵੇਜ਼ "A" ਵਿੱਚ ਮੁਹੱਈਆ ਕੀਤੀ ਗਈ ਵਾਤਾਵਰਨ ਅਨੁਕੂਲਨ ਚੈਕਲਿਸਟ, ਜਿਸ ਤਰ੍ਹਾਂ ਵਿਸ਼ਲੇਸ਼ਣ ਕੀਤਾ ਗਿਆ ਹੈ, ਦੇ ਅਨੁਸਾਰ ਸਤੰਬਰ 2013 ਦੇ ਵਾਰਮ ਸਪ੍ਰਿੰਗਸ/ਸਾਊਥ ਫ੍ਰੀਮੌਂਟ ਕਮਯੂਨਿਟੀ ਪਲਾਨ (Warm Springs/South Fremont Community Plan) ਲਈ ਐਲਾਮੀਡਾ ਕਾਊਂਟੀ ਵਾਟਰ ਜ਼ਿਲ੍ਹਾ ਦੇ ਜਲ ਸਪਲਾਈ ਅਸੈਸਮੈਂਟ (Alameda County Water District's Water Supply Assessment) ਵਿੱਚ ਸ਼ਾਮਲ ਯੋਜਨਾ ਧਾਰਨਾਵਾਂ ਦੇ ਅਨੁਰੂਪ ਹੈ ਅਤੇ ਇਹ ਪਤਾ ਕਰੋ ਕਿ ਇਹ ਕਾਰਵਾਈ ਸਿਟੀ ਦੇ ਸੁਤੰਤਰ ਫੈਸਲੇ ਨੂੰ ਦਰਸਾਉਂਦੀ ਹੈ।
3. ਪਤਾ ਲਗਾਓ ਕਿ ਪੂਰਕ ਦਸਤਾਵੇਜ਼ "B" (ਮਾਸਟਰ ਪਲਾਨ) ਵਿੱਚ ਦਰਸਾਇਆ ਵਾਰਮ ਸਪ੍ਰਿੰਗਜ਼ ਟੈਕਨਾਲੋਜੀ ਕੇਂਦਰ ਮਾਸਟਰ ਪਲਾਨ (Warm Springs Technology Center Master Plan), ਜਨਰਲ ਪਲਾਨ, WS/SF ਕਮਯੂਨਿਟੀ ਪਲਾਨ ਅਤੇ ਫ੍ਰੀਮੌਂਟ ਮਿਊਂਸਪਲ ਕੋਡ (FMC) ਦੇ ਅਧਿਆਇ 18.49 (ਵਾਰਮ ਸਪ੍ਰਿੰਗਜ਼ ਇਨੋਵੇਸ਼ਨ ("WSI") ਜ਼ਿਲ੍ਹਾ) ਦੇ ਸਮਾਨ ਹੈ ਜਿਵੇਂ ਕਿ ਇਸ ਰਿਪੋਰਟ ਵਿੱਚ ਦੱਸਿਆ ਗਿਆ ਹੈ।
4. FMC ਸੈਕਸ਼ਨ 18.49.050 (a)(4) ਵਿੱਚ ਦਰਸਾਏ ਗਏ ਨਤੀਜਿਆਂ ਦੇ ਅਧਾਰ ਤੇ ਅਤੇ ਜਿਸ ਤਰ੍ਹਾਂ ਪੂਰਕ ਦਸਤਾਵੇਜ਼ "C" ਵਿੱਚ ਦਰਸਾਇਆ ਗਿਆ ਹੈ ਉਸ ਅਨੁਸਾਰ ਸਵੀਕ੍ਰਿਤੀ ਦੀਆਂ ਸ਼ਰਤਾਂ ਦੇ ਵਿਸ਼ਾਗੋਚਰ, ਜਿਸ ਤਰ੍ਹਾਂ ਪੂਰਕ ਦਸਤਾਵੇਜ਼ "B," (ਮਾਸਟਰ ਪਲਾਨ) ਵਿੱਚ ਦਰਸਾਇਆ ਗਿਆ ਹੈ, ਵਾਰਮ ਸਪਰਿੰਗਸ ਟੈਕਨਾਲੋਜੀ ਦੇ ਮਾਸਟਰ ਪਲਾਨ ਨੂੰ ਸਵੀਕ੍ਰਿਤੀ ਦਿੰਦੇ ਪ੍ਰਸਤਾਵ ਨੂੰ ਅਪਨਾਉਣਾ।

**D.** **ਕਮਰਸ਼ੀਅਲ ਲਿੰਕੇਜ ਫੀਸ - ਕਿਫ਼ਾਇਤੀ ਹਾਊਸਿੰਗ (ਫ੍ਰੀਮੌਂਟ ਨਗਰ ਪਾਲਿਕਾ ਕੋਡ ਦੇ ਪਾਠ 18.156 ਨੂੰ ਜੋੜਨਾ) (PLN 2017 -- 00256) ਦੇ ਲਈ ਕਮਰਸ਼ੀਅਲ ਲਿੰਕੇਜ ਫੀਸ ਨੂੰ ਸਥਾਪਤ ਕਰਨ ਲਈ ਜੋਨਿੰਗ ਟੈਕਸ ਸੋਧ ਨੂੰ ਸਵੀਕਾਰ ਕਰਨ ਲਈ ਪਲਾਨਿੰਗ ਕਮਿਸ਼ਨ ਦੀ ਸਿਫ਼ਾਰਸ਼ ਉੱਪਰ ਵਿੱਚਾਰ ਕਰਨ ਲਈ ਜਨਤਕ ਸੁਣਵਾਈ (ਪ੍ਰਕਾਸ਼ਿਤ ਨੋਟਿਸ)। ਪ੍ਰਸਤਾਵਿਤ ਪ੍ਰੋਜੈਕਟ, ਅਪਣਾਏ ਗਏ ਜਨਰਲ ਪਲਾਨ ਨੂੰ ਲਾਗੂ ਕਰਨ ਦਾ ਉਪਾਅ ਹੈ, ਜਿਸ ਦੇ ਲਈ ਇੱਕ ਅੰਤਮ ਵਾਤਾਵਰਨ ਪ੍ਰਭਾਵ ਰਿਪੋਰਟ (ਈ.ਆਈ.ਆਰ.) (Environmental Impact Report, EIR) (SCH # 2010082060) ਪਹਿਲਾਂ ਤਿਆਰ ਅਤੇ ਪ੍ਰਮਾਣਿਤ ਕੀਤੀ ਗਈ ਸੀ, ਅਤੇ ਇਸ ਲਈ, ਇਸ ਤੋਂ ਅੱਗੇ ਕੋਈ ਹੋਰ ਵਾਤਾਵਰਣ ਸਮੀਖਿਆ ਦੀ ਲੋੜ ਨਹੀਂ ਹੈ।**

ਸੰਪਰਕ ਲਈ ਵਿਅਕਤੀ:

| | | |
|---|---|---|
| ਨਾਮ: | ਡਾਨ ਸ਼ੋਅਨਹੋਲਸ (Dan Schoenholz) | ਜੈਫ਼ ਸ਼ਵੋਬ (Jeff Schwob) |
| ਪਦਵੀ: | ਸਹਾਇਕ ਕਮਯੂਨਿਟੀ ਵਿਕਾਸ ਨਿਦੇਸ਼ਕ | ਨਿਦੇਸ਼ਕ |
| ਵਿਭਾਗ: | ਕਮਯੂਨਿਟੀ ਵਿਕਾਸ | ਕਮਯੂਨਿਟੀ ਵਿਕਾਸ |
| ਫੋਨ: | 510-494-4438 | 510-494-4527 |
| ਈ-ਮੇਲ: | dschoenholz@fremont.gov | jschwob@fremont.gov |

**ਸਿਫ਼ਾਰਸ਼ਾਂ:**

1. ਜਨਤਕ ਸੁਣਵਾਈ ਕਰਨਾ।
2. ਪਤਾ ਕਰੋ ਕਿ ਪ੍ਰਸਤਾਵਿਤ ਜ਼ੋਨਿੰਗ ਟੈਕਸਟ ਸੋਧ ਆਮ ਯੋਜਨਾ ਦਾ ਇੱਕ ਲਾਗੂ ਕਰਨ ਯੋਗ ਉਪਾਅ ਹੈ ਜਿਸਦੇ ਲਈ ਇੱਕ ਵਾਤਾਵਰਣ ਪ੍ਰਭਾਵ ਰਿਪੋਰਟ ਤਿਆਰ ਕੀਤੀ ਗਈ ਹੈ ਅਤੇ ਇਸ ਨੂੰ ਪ੍ਰਮਾਣਿਤ ਕੀਤਾ ਗਿਆ ਹੈ ਕਿ ਇਸਤੋਂ ਅੱਗੇ ਦੀ ਕੋਈ ਵੀ ਵਾਤਾਵਰਨ ਨਾਲ ਸਬੰਧਤ ਸਮੀਖਿਆ ਜ਼ਰੂਰੀ ਨਹੀਂ ਹੈ।
3. ਇਸ ਪ੍ਰਾਜੈਕਟ ਜੋਨਿੰਗ ਟੈਕਸਟ ਸੋਧ ਸਟਾਫ ਦੀ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਜਨਰਲ ਪਲਾਨ ਦੇ ਸਮਾਨ ਹੈ।
4. ਪਤਾ ਕਰੋ ਕਿ ਪ੍ਰਸਤਾਵਿਤ ਜੋਨਿੰਗ ਟੈਕਸਟ ਸੋਧ, ਕਰਮਚਾਰੀਆਂ ਦੀ ਰਿਪੋਰਟ ਵਿੱਚ ਦੱਸੇ ਅਨੁਸਾਰ ਜਨਤਕ ਹਿੱਤ, ਸਹੂਲਤ ਅਤੇ ਸ਼ਹਿਰ ਦੇ ਸਮਾਨ ਕਲਿਆਣ ਨੂੰ ਅੱਗੇ ਵਧਾਉਂਦੀ ਹੈ।
5. ਕਿਫਾਇਤੀ ਰਿਹਾਇਸ਼ ਬਾਰੇ ਲੋੜਾਂ ਬਾਰੇ ਗੈਰ-ਰਿਹਾਇਸ਼ੀ ਵਿਕਾਸ ਦੇ ਪ੍ਰਭਾਵਾਂ ਦੇ ਸੰਬੰਧ ਵਿੱਚ ਅਕਤੂਬਰ 2016 ਦੀ ਕਿਫਾਇਤੀ ਹਾਉਸਿੰਗ ਨੈਕਸਸ ਸਟੱਡੀ ਸ਼ਾਮਲ ਹੋਏ ਨਤੀਜਿਆਂ ਨੂੰ ਅਪਣਾਓ।
6. ਮਸੌਦਾ ਆਰਡੀਨੈਂਸ (ਪੂਰਕ ਦਸਤਾਵੇਜ਼ "A") ਵਿੱਚ ਦਰਸਾਏ ਅਨੁਸਾਰ ਪ੍ਰਸਤਾਵਿਤ ਜ਼ੋਨਿੰਗ ਟੈਕਸਟ ਸੋਧ ਨੂੰ ਪ੍ਰਵਾਨਗੀ ਦੇਣ ਵਾਲਾ ਆਰਡੀਨੈਂਸ ਪੇਸ਼ ਕਰੋ।
7. ਕਿਫਾਇਤੀ ਰਿਹਾਇਸ਼ ਲਈ ਵਪਾਰਕ ਲਿੰਕੇਜ ਫੀਸਾਂ ਬਾਰੇ ਮਾਸਟਰ ਫੀਸ ਅਨੁਸੂਚੀ ਵਿੱਚ ਇੱਕ ਸੋਧ ਨੂੰ ਪ੍ਰਵਾਨਗੀ ਦੇਣ ਵਾਲਾ ਇੱਕ ਪ੍ਰਸਤਾਵ ਅਪਣਾਓ।
8. ਸਟਾਫ ਨੂੰ ਆਰਡੀਨੈਂਸ ਤਿਆਰ ਕਰਨ ਅਤੇ ਸਿਟੀ ਕਲਰਕ ਨੂੰ ਇਸ ਦੇ ਸਾਰ ਨੂੰ ਪਠਕਾਸ਼ਿਤ ਕਰ ਲਈ ਹਿਦਾਇਤ ਦਿਓ।

**E. ਵਿੱਤੀ ਸਾਲ 2017/18 'ਤੇ ਪਹਿਲੀ ਜਨਤਕ ਸੁਣਵਾਈ ਪ੍ਰਸਤਾਵਿਤ ਆਪਰੇਟਿੰਗ ਬਜਟ - ਵਿਤੀ ਸਾਲ 2017/18 ਲਈ ਪ੍ਰਸਤਾਵਿਤ ਓਪਰੇਟਿੰਗ ਬਜਟ ਲਈ ਪਹਿਲੀ ਜਨਤਕ ਸੁਣਵਾਈ (ਪ੍ਰਕਾਸ਼ਿਤ ਸੂਚਨਾ)**

ਸੰਪਰਕ ਲਈ ਵਿਅਕਤੀ:

| | | |
|---|---|---|
| ਨਾਮ: | ਮਾਇੱਕ ਸੁੰਗ (Mike Sung) | ਡੇਵਿਡ ਪਰਸਸੇਲਿਨ (David Persselin) |
| ਪਦਵੀ: | ਸਹਾਇਕ ਵਿੱਤ ਨਿਦੇਸ਼ਕ | ਵਿੱਤ ਨਿਦੇਸ਼ਕ |
| ਵਿਭਾਗ: | ਵਿੱਤ ਵਿਭਾਗ | ਵਿੱਤ ਵਿਭਾਗ |
| ਫੋਨ: | 510-494-4608 | 510-494-4631 |
| ਈ-ਮੇਲ: | msung@fremont.gov | dpersselin@fremont.gov |

**ਸਿਫ਼ਾਰਸ਼ਾਂ:**

1. ਜਨਤਕ ਸੁਣਵਾਈ ਕਰਨਾ।
2. ਵਿੱਤੀ ਸਾਲ 2017/18 ਪ੍ਰਸਤਾਵਿਤ ਓਪਰੇਟਿੰਗ ਬਜਟ ਨਾਲ ਸੰਬੰਧਿਤ ਮੁੱਦਿਆਂ 'ਤੇ ਸਟਾਫ ਨੂੰ ਦਿਸ਼ਾ ਪ੍ਰਦਾਨ ਕਰੋ।

**F. ਪੂੰਜੀ ਸੁਧਾਰ ਪ੍ਰੋਗਰਾਮ - ਪਹਿਲੀ ਜਨਤਕ ਸੁਣਵਾਈ (ਪ੍ਰਕਾਸ਼ਿਤ ਸੂਚਨਾ) ਅਤੇ ਪ੍ਰਸਤਾਵਿਤ ਵਿੱਤੀ ਵਰ੍ਹੇ 2017/18 - 2021/22 ਪੂੰਜੀ ਸੁਧਾਰ ਪ੍ਰੋਗਰਾਮ ਤੇ ਕੌਂਸਲ ਦੀਆਂ ਸਟਾਫ਼ ਲਈ ਹਿਦਾਇਤਾਂ**

ਸੰਪਰਕ ਲਈ ਵਿਅਕਤੀ:

| | | |
|---|---|---|
| ਨਾਮ: | ਮਿਸ਼ੇਲ ਸਿਲਵਾ-ਸਲੀਨਾਸ (Michelle Silva-Salinas) | ਹੈਂਸ ਲਾਰਸਨ (Hans Larsen) |
| ਪਦਵੀ: | ਕਾਰੋਬਾਰ ਪ੍ਰਬੰਧਕ | ਜਨਤਕ ਕਾਰਜ ਨਿਦੇਸ਼ਕ |

| | | |
|---|---|---|
| ਵਿਭਾਗ: | ਜਨਤਕ ਕਾਰਜ | ਜਨਤਕ ਕਾਰਜ |
| ਫੋਨ: | 510-979-5705 | 510-494-4722 |
| ਈ-ਮੇਲ: | msilva-salinas@fremont.gov | hlarsen@fremont.gov |

**ਸਿਫ਼ਾਰਸ਼ਾਂ:**

1. ਜਨਤਕ ਸੁਣਵਾਈ ਕਰਨਾ।
2. ਪੰਜ-ਵਰ੍ਹਿਆਂ ਦੇ ਵਿਤੀ ਵਰ੍ਹੇ 2017/18 – 2021/22 CIP ਲਈ ਜਾਣਕਾਰੀ ਪ੍ਰਾਪਤ ਕਰਨਾ ਅਤੇ ਸਾਰੇ ਪ੍ਰਸਤਾਵਿਤ ਪੂੰਜੀ ਸੁਧਾਰ ਪ੍ਰੋਜੈਕਟਾਂ 'ਤੇ ਵਿੱਚਾਰ ਕਰਨਾ।
3. ਵਿੱਤੀ ਵਰ੍ਹੇ 2017/18 - 2021/22 ਪ੍ਰਸਤਾਵਿਤ CIP, 13 ਜੂਨ 2017 ਨੂੰ ਵਿੱਚਾਰ ਕਰਨ ਲਈ ਦਿਸ਼ਾ ਨਿਰਦੇਸ਼ ਪ੍ਰਦਾਨ ਕਰੋ।

## 6. **ਸਿਟੀ ਅਟਾਰਨੀ ਤੋਂ ਰਿਪੋਰਟ** – ਕੋਈ ਨਹੀਂ।

## 7. **ਹੋਰ ਕਾਰਜ**– ਕੋਈ ਨਹੀਂ।

## 8. ਕੌਂਸਲ ਦੇ ਸੰਚਾਰ

### A. **ਕੌਂਸਲ ਰੈਫਰਲਸ -** ਕੋਈ ਨਹੀਂ।

### B. ਬੈਠਕਾਂ ਅਤੇ ਗਤੀਵਿਧੀਆਂ 'ਤੇ ਮੌਖਿਕ ਰਿਪੋਰਟਾਂ

## 9. ਮੁਲਤਵੀਕਰਨ

**ACRONYMS**

ABAG — Association of Bay Area Governments
ACE — Altamont Commuter Express
ACFCD — Alameda County Flood Control District
ACTC — Alameda County Transportation Commission
ACWD — Alameda County Water District
ARB — Art Review Board
BAAQMD — Bay Area Air Quality Management District
BART — Bay Area Rapid Transit District
BCDC — Bay Conservation & Development Commission
BMPs — Best Management Practices
BMR — Below Market Rate
CALPERS — California Public Employees' Retirement System
CBC — California Building Code
CDD — Community Development Department
CC & R's — Covenants, Conditions & Restrictions
CDBG — Community Development Block Grant
CEQA — California Environmental Quality Act
CERT — Community Emergency Response Team
CIP — Capital Improvement Program
CNG — Compressed Natural Gas
COF — City of Fremont
COPPS — Community Oriented Policing and Public Safety
CSAC — California State Association of Counties
CTC — California Transportation Commission
dB — Decibel
DEIR — Draft Environmental Impact Report
DU/AC — Dwelling Units per Acre
EBRPD — East Bay Regional Park District
EDAC — Economic Development Advisory Commission (City)
EIR — Environmental Impact Report (CEQA)
EIS — Environmental Impact Statement (NEPA)
ERAF — Education Revenue Augmentation Fund
EVAW — Emergency Vehicle Accessway
FAR — Floor Area Ratio
FEMA — Federal Emergency Management Agency
FFD — Fremont Fire Department
FMC — Fremont Municipal Code
FPD — Fremont Police Department
FRC — Family Resource Center
FUSD — Fremont Unified School District
GIS — Geographic Information System
GPA — General Plan Amendment
HARB — Historical Architectural Review Board
HBA — Home Builders Association
HRC — Human Relations Commission
ICMA — International City/County Management Association
JPA — Joint Powers Authority
LLMD — Lighting and Landscaping Maintenance District
LOCC — League of California Cities
LOS — Level of Service
MOU — Memorandum of Understanding
MTC — Metropolitan Transportation Commission
NEPA — National Environmental Policy Act
NLC — National League of Cities
NPDE — National Pollutant Discharge Elimination System
NPO — Neighborhood Preservation Ordinance
PC — Planning Commission
PD — Planned District
PDA — Priority Development Area
PUC — Public Utilities Commission
PVAW — Private Vehicle Accessway
PWC — Public Works Contract
RFP — Request for Proposals
RFQ — Request for Qualifications
RHNA — Regional Housing Needs Allocation
ROP — Regional Occupational Program
RRIDR — Residential Rent Increase Dispute Resolution Ordinance
RWQC — Regional Water Quality Control Board
SACN — Southern Alameda County Narcotics Enforcement Task Force
STIP — State Transportation Improvement Program
TCRD — Tri-Cities Recycling and Disposal Facility
TOD — Transit Oriented Development
TS/MR — Transfer Station/Materials Recovery Facility
UBC — See CBC
VTA — Santa Clara Valley Transportation Authority
WMA — Waste Management Authority
ZA — Zoning Administrator
ZTA — Zoning Text Amendment

| **ਆਗਾਮੀ ਮੀਟਿੰਗ ਅਤੇ ਚੈਨਲ, 27**<br>**ਬ੍ਰਾੱਡਕਾਸਟ ਅਨੁਸੂਚੀ** | | | | |
|---|---|---|---|---|
| ***ਮਿਤੀ*** | ***ਸਮਾਂ*** | ***ਬੈਠਕ ਦੀ ਕਿਸਮ*** | ***ਸਥਾਨ*** | ***ਕੇਬਲ ਚੈਨਲ 27*** |
| **13 ਜੂਨ, 2017** | 7:00 ਸ਼ਾਮ | ਸਿਟੀ ਕੌਂਸਲ ਦੀ ਬੈਠਕ | ਕੌਂਸਲ ਚੈਂਬਰਸ | ਲਾਇਵ |
| **20 ਜੂਨ, 2017** | 7:00 ਸ਼ਾਮ | ਸਿਟੀ ਕੌਂਸਲ ਦੀ ਬੈਠਕ | ਕੌਂਸਲ ਚੈਂਬਰਸ | ਲਾਇਵ |
| **22 ਜੂਨ, 2017** | | ਕੋਈ ਕੌਂਸਲ ਬੈਠਕ ਨਹੀਂ | | |
| **4 ਜੁਲਾਈ, 2017** | | *ਛੁੱਟੀ – ਕੋਈ ਕੌਂਸਲ ਬੈਠਕ ਨਹੀਂ* | | |
| **11 ਜੁਲਾਈ, 2017** | 7:00 ਸ਼ਾਮ | ਸਿਟੀ ਕੌਂਸਲ ਦੀ ਬੈਠਕ | ਕੌਂਸਲ ਚੈਂਬਰਸ | ਲਾਇਵ |
| **18 ਜੁਲਾਈ, 2017** | 7:00 ਸ਼ਾਮ | ਸਿਟੀ ਕੌਂਸਲ ਦੀ ਬੈਠਕ | ਕੌਂਸਲ ਚੈਂਬਰਸ | ਲਾਇਵ |
| **25 ਜੁਲਾਈ, 2017** | | ਕੋਈ ਕੌਂਸਲ ਬੈਠਕ ਨਹੀਂ | | |
| ***ਅਗਸਤ ਦੀ ਛੁੱਟੀ*** | | *ਕੋਈ ਕੌਂਸਲ ਬੈਠਕ ਨਹੀਂ* | | |
| **5 ਸਤੰਬਰ, 2017** | 7:00 ਸ਼ਾਮ | ਸਿਟੀ ਕੌਂਸਲ ਦੀ ਬੈਠਕ | ਕੌਂਸਲ ਚੈਂਬਰਸ | ਲਾਇਵ |
| **ਸਤੰਬਰ, 2017** | 7:00 ਸ਼ਾਮ | ਸਿਟੀ ਕੌਂਸਲ ਦੀ ਬੈਠਕ | ਕੌਂਸਲ ਚੈਂਬਰਸ | ਲਾਇਵ |
| **19 ਸਤੰਬਰ, 2017** | 7:00 ਸ਼ਾਮ | ਸਿਟੀ ਕੌਂਸਲ ਦੀ ਬੈਠਕ | ਕੌਂਸਲ ਚੈਂਬਰਸ | ਲਾਇਵ |
| **26 ਸਤੰਬਰ, 2017** | | ਕੋਈ ਕੌਂਸਲ ਬੈਠਕ ਨਹੀਂ | | |
| **ਸੋਮਵਾਰ,**<br>**2 ਅਕਤੂਬਰ, 2017** | 05:30 ਸ਼ਾਮ | ਸੰਯੁਕਤ ਕੌਂਸਲ/FUSD ਬੈਠਕ | *FUSD* | ਲਾਇਵ |
| **3 ਅਕਤੂਬਰ, 2017** | 7:00 ਸ਼ਾਮ | ਸਿਟੀ ਕੌਂਸਲ ਦੀ ਬੈਠਕ | ਕੌਂਸਲ ਚੈਂਬਰਸ | ਲਾਇਵ |
| **10 ਅਕਤੂਬਰ, 2017** | 7:00 ਸ਼ਾਮ | ਸਿਟੀ ਕੌਂਸਲ ਦੀ ਬੈਠਕ | ਕੌਂਸਲ ਚੈਂਬਰਸ | ਲਾਇਵ |
| **17 ਅਕਤੂਬਰ, 2017** | 7:00 ਸ਼ਾਮ | ਸਿਟੀ ਕੌਂਸਲ ਦੀ ਬੈਠਕ | ਕੌਂਸਲ ਚੈਂਬਰਸ | ਲਾਇਵ |
| **24 ਅਕਤੂਬਰ, 2017** | | ਕੋਈ ਕੌਂਸਲ ਬੈਠਕ ਨਹੀਂ | | |
| **31 ਅਕਤੂਬਰ, 2017** | | ਕੋਈ ਕੌਂਸਲ ਬੈਠਕ ਨਹੀਂ | | |

**ਸਟਾਫ਼ ਦੀ ਰਿਪੋਰਟ (ID # 3110)** ਦਸਤਾਵੇਜ਼ ਆਈਡੀ: 3110

# ਜ਼ਿਲ੍ਹਾ-ਅਧਾਰਤ ਚੋਣਾਂ / ਮਸੌਦਾ ਨਕਸ਼ਿਆਂ ਦੀ ਸਮੱਗਰੀ, ਚੋਣਾਂ ਦਾ ਕ੍ਰਮ - ਮਸੌਦਾ ਨਕਸ਼ਿਆਂ, ਚੋਣਾਂ ਦੇ ਕ੍ਰਮ ਦੀ ਸਮੀਖਿਆ ਅਤੇ ਅਧਿਆਇ 2.05 ਵਿੱਚ ਹੋਰ ਨਿਯਮਾਂ ਦੇ ਅਨੁਪਾਲਨ ਸਬੰਧੀ ਅਤੇ ਤਕਨੀਕੀ ਤਬਦੀਲੀਆਂ ਕਰਨ ਲਈ ਜਨਤਕ ਸੁਣਵਾਈਆਂ, ਅਤੇ ਸਿਟੀ ਆਫ਼ ਫ੍ਰੀਮੋਂਟ ਵਿੱਚ ਵਿਆਪਕ ਪੱਧਰ ਤੋਂ ਜ਼ਿਲ੍ਹਾ ਅਧਾਰਤ ਵਾਲੀਆਂ ਚੋਣਾਂ ਵਿੱਚ ਬਦਲਾਅ ਕਰਨ ਵਾਲੇ ਇੱਕ ਔਰਡੀਨੈਂਸ (ordinance) ਨੂੰ ਪੇਸ਼ ਕਰਨਾ

**ਸੰਪਰਕ ਵਿਅਕਤੀ:**


| | | |
|---|---|---|
| ਨਾਂ: | ਜੈਸਿਕਾ ਵੌਨ ਬੋਰਕ | ਹਾਰਵੀ ਈ. ਲੈਵਾਇਨ |
| ਪਦਵੀ: | ਸਹਾਇਕ ਸਿਟੀ ਪ੍ਰਬੰਧਕ | ਸਿਟੀ ਵਕੀਲ |
| ਵਿਭਾਗ: | ਸਿਟੀ ਪ੍ਰਬੰਧਕ ਦਾ ਦਫ਼ਤਰ | ਸਿਟੀ ਵਕੀਲ ਦਾ ਦਫ਼ਤਰ |
| ਫ਼ੋਨ: | 510-248-4008 | 510-284-4030 |
| ਈ-ਮੇਲ: | jvborck@fremont.gov | hlevine@fremont.gov |


**ਕਾਰਜਕਾਰੀ ਸੰਖੇਪ:** 21 ਮਾਰਚ 2017 ਨੂੰ, ਸਿਟੀ ਨੇ ਵਿਆਪਕ ਪੱਧਰ ਤੋਂ ਜ਼ਿਲ੍ਹਾ ਅਧਾਰਤ ਵਾਲੀਆਂ ਚੋਣਾਂ ਵਿੱਚ ਬਦਲਾਅ ਕਰਨ ਦੇ ਇਰਾਦੇ ਦਾ ਇੱਕ ਮੱਤਾ ਅਪਣਾਇਆ। ਚੋਣ ਕੋਡ ਸੈਕਸ਼ਨ 10010 ਦੇ ਅਨੁਸਾਰ, ਸਿਟੀ ਦਾ ਕਨੂੰਨ ਵਿੱਚ ਨਿਰਧਾਰਤ ਸਮੇਂ ਸੀਮਾ ਦੇ ਅੰਦਰ ਪੰਜ (5) ਜਨਤਕ ਸੁਣਵਾਈਆਂ ਕਰਵਾਉਣਾ ਜ਼ਰੂਰੀ ਹੈ। 2 ਮਈ 2017 ਦੀ ਜਨਤਕ ਸੁਣਵਾਈ ਵਿੱਚ, ਕੌਂਸਲ ਨੇ ਇੱਕ ਹੋਰ ਵਾਧੂ ਸੁਣਵਾਈ ਕਰਵਾਉਣ ਦਾ ਫੈਸਲਾ ਲਿਆ, ਜੋ ਕਿ 13 ਜੂਨ 2017 ਲਈ ਨਿਰਧਾਰਤ ਕੀਤੀ ਗਈ ਹੈ। ਪਹਿਲੀ ਚਾਰ (4) ਜਨਤਕ ਸੁਣਵਾਈਆਂ ਪੂਰੀਆਂ ਹਨ ਅਤੇ ਕੌਂਸਲ ਅਤੇ ਸਮੁਦਾਇ ਨੂੰ ਜ਼ਿਲ੍ਹਿਆਂ ਦੀ ਰਚਨਾ ਕਰਨ ਅਤੇ ਚੋਣਾਂ ਦੀ ਸੰਭਾਵਤ ਤਰਤੀਬ ਦੇ ਬਾਰੇ ਚਰਚਾ/ਤੁਲਨਾ ਕਰਨ ਦੀ ਇਜਾਜ਼ਤ ਮਿਲ ਗਈ ਹੈ। 6 ਜੂਨ ਨੂੰ ਹੋਣ ਵਾਲੀ ਸੁਣਵਾਈ ਲੋੜੀਂਦੀ ਪੰਜਵੀਂ ਸੁਣਵਾਈ ਹੈ ਜਿੱਥੇ ਕੌਂਸਲ ਨਕਸ਼ੇ ਦੇ ਇੱਕ ਤਰਜੀਹੀ ਮਸੌਦੇ ਬਾਰੇ ਅਤੇ ਜ਼ਿਲ੍ਹਾ ਅਧਾਰਤ ਚੋਣਾਂ ਕਰਵਾਉਣ ਦੇ ਲਈ ਇੱਕ ਔਰਡੀਨੈਂਸ ਲਿਆਉਣ ਦੇ ਸਬੰਧ ਵਿੱਚ ਅੰਤਮ ਸਿਫ਼ਾਰਸ਼ਾਂ ਕਰੇਗੀ। ਛੇਵੀਂ ਅਤੇ ਅੰਤਮ ਜਨਤਕ ਸੁਣਵਾਈ ਵਿੱਚ, ਕੌਂਸਲ ਜ਼ਿਲ੍ਹਾ ਅਧਾਰਤ ਚੋਣਾਂ ਕਰਵਾਉਣ ਲਈ ਇੱਕ ਔਰਡੀਨੈਂਸ ਨੂੰ ਅਪਨਾਉਣ ਬਾਰੇ ਵਿਚਾਰ ਕਰਨ ਲਈ ਵੋਟ ਕਰੇਗੀ।

**ਪਿਛੋਕੜ:** ਸਿਟੀ ਕੌਂਸਲ ਨੇ ਛੇ (6) ਜਨਤਕ ਸੁਣਵਾਈਆਂ 'ਚੋਂ 4 ਅਪਰੈਲ, 18 ਅਪਰੈਲ, 2 ਮਈ, 16 ਮਈ, 2017 ਨੂੰ ਚਾਰ (4) ਜਨਤਕ ਸੁਣਵਾਈਆਂ ਕਰਵਾਈਆਂ। ਪਹਿਲੀ ਤਿੰਨ ਸੁਣਵਾਈਆਂ ਵਿੱਚ ਕੌਂਸਲ ਅਤੇ ਸਮੁਦਾਇ ਨੂੰ ਜ਼ਿਲ੍ਹਿਆਂ ਦੀ ਸਿਰਜਨਾ ਕਰਨ ਅਤੇ ਚੋਣਾਂ ਦੇ ਸੰਭਾਵਤ ਕ੍ਰਮ ਬਾਰੇ ਟਿੱਪਣੀ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ। ਮਸੌਦਾ ਵੋਟਿੰਗ ਜ਼ਿਲ੍ਹਾ ਨਕਸ਼ਿਆਂ ਦੀ ਸਮੱਗਰੀ ਨੂੰ 25 ਅਪਰੈਲ ਅਤੇ 9 ਮਈ, 2017 ਨੂੰ ਪ੍ਰਕਾਸ਼ਤ ਕੀਤਾ ਗਿਆ ਸੀ, ਅਤੇ ਤੀਜੀ ਅਤੇ ਚੌਥੀ ਜਨਤਕ ਸੁਣਵਾਈਆਂ ਵਿੱਚ ਉਨ੍ਹਾਂ ਤੇ ਚਰਚਾ ਕੀਤੀ ਗਈ ਸੀ। ਨਕਸ਼ਿਆਂ ਦੇ ਮਸੌਦੇ ਦੀ ਸਮੱਗਰੀ ਅਤੇ ਪ੍ਰਸਤਾਵਿਤ ਚੋਣਾਂ ਦੇ ਕ੍ਰਮ ਬਾਰੇ ਪਬਲਿਕ ਦੀਆਂ ਟਿੱਪਣੀਆਂ ਅਤੇ ਕੌਂਸਲ ਦੇ ਦਿਸ਼ਾ-ਨਿਰਦੇਸ਼ ਦਿੱਤੇ

ਗਏ ਸਨ। 6 ਜੂਨ ਨੂੰ ਹੋਣ ਵਾਲੀ ਜਨਤਕ ਸੁਣਵਾਈ ਤੇ, ਕੌਂਸਲ ਅੰਤਮ ਸਿਫ਼ਾਰਸ਼ਾਂ ਕਰੇਗੀ ਅਤੇ ਇੱਕ ਤਰਜੀਹੀ ਜ਼ਿਲ੍ਹਾ ਨਕਸ਼ਾ ਅਤੇ ਚੋਣਾਂ ਦੇ ਕ੍ਰਮ ਦੀ ਚੋਣ ਕਰੇਗੀ ਅਤੇ ਜ਼ਿਲ੍ਹਾ ਅਧਾਰਤ ਚੋਣਾਂ ਨੂੰ ਸਥਾਪਤ ਕਰਨ ਲਈ ਇੱਕ ਔਰਡੀਨੈਂਸ ਪੇਸ਼ ਕਰੇਗੀ। ਛੇਵੀਂ ਅਤੇ ਅੰਤਮ ਜਨਤਕ ਸੁਣਵਾਈ ਵਿੱਚ, ਕੌਂਸਲ ਜ਼ਿਲ੍ਹੇ ਦੇ ਨਕਸ਼ੇ ਅਤੇ ਚੋਣਾਂ ਦੇ ਕ੍ਰਮ ਸਮੇਤ ਜ਼ਿਲ੍ਹਾ ਅਧਾਰਤ ਚੋਣਾਂ ਨੂੰ ਸਥਾਪਤ ਕਰਨ ਵਾਲੇ ਇੱਕ ਔਰਡੀਨੈਂਸ ਨੂੰ ਅਪਨਾਉਣ ਲਈ ਵੋਟ ਕਰੇਗੀ।

*ਜਨਤਕ ਆਊਟਰੀਚ (ਪਬਲਿਕ ਤੱਕ ਪਹੁੰਚਣਾ)*

21 ਮਾਰਚ 2017 ਨੂੰ ਮਨਜ਼ੂਰੀ ਦੇ ਮਤੇ ਨੂੰ ਅਪਣਾਉਂਦਿਆਂ, ਸਿਟੀ ਪਬਲਿਕ ਨੂੰ ਜ਼ਿਲਾ-ਆਧਾਰਤ ਚੋਣਾਂ ਅਤੇ ਉਨ੍ਹਾਂ ਦੇ ਗਠਨ ਨਾਲ ਸੰਬੰਧਿਤ ਪ੍ਰਕਿਰਿਆ ਬਾਰੇ ਜਾਣਕਾਰੀ ਦੇਣ ਵਿੱਚ ਮਦਦ ਕਰਨ ਲਈ ਜਨਤਕ ਆਊਟਰੀਚ (ਪਬਲਿਕ ਤੱਕ ਪਹੁੰਚਣਾ) ਦੀਆਂ ਕੋਸ਼ਿਸ਼ਾਂ ਨਾਲ ਜੁੜੀ ਹੋਈ ਹੈ। ਸ਼ਹਿਰ ਦੀ ਵੈੱਬਸਾਈਟ ਤੇ ਇੱਕ ਵੱਖਰਾ ਵੈਬਪੇਜ਼ ਬਣਾਇਆ ਗਿਆ ਹੈ ਤਾਂ ਜੋ ਜ਼ਿਲ੍ਹਾ-ਆਧਾਰਤ ਚੋਣਾਂ ਨਾਲ ਸਬੰਧਤ ਜਾਣਕਾਰੀ ਮੁਹੱਈਆ ਕੀਤੀ ਜਾ ਸਕੇ ਅਤੇ ਨਾਲ ਹੀ ਪਬਲਿਕ ਕਿਸ ਵੇਲੇ ਅਤੇ ਕਿਵੇਂ ਗੱਲ੍ਹ-ਬਾਤ ਵਿੱਚ ਯੋਗਦਾਨ ਕਰ ਸਕਦੀ ਹੈ, ਦੇ ਮੌਕੇ ਵੀ ਸ਼ਾਮਲ ਕੀਤੇ ਗਏ ਸਨ। ਇਸ ਤੋਂ ਇਲਾਵਾ, ਸਿਟੀ ਨੇ ਸੂਚਨਾਵਾਂ ਸਾਂਝੀ ਕਰਨ ਲਈ ਆਪਣੇ ਸਮਾਜਕ ਮੀਡੀਆ ਪਲੇਟਫਾਰਮ ਵੀ ਸ਼ਾਮਲ ਕੀਤੇ ਹਨ, ਅਤੇ ਸਿਟੀ ਓਪਨ ਸਿਟੀ ਹਾਲ ਰਾਹੀਂ ਪ੍ਰਸਤਾਵਿਤ ਮਸੌਦਾ ਨਕਸ਼ਿਆਂ ਅਤੇ ਚੋਣਾਂ ਦੀ ਤਰਤੀਬ ਬੱਧਤਾ ਬਾਰੇ ਸਮੂਦਾਇ ਤੋਂ ਇਨਪੁਟ ਲੈ ਰਹੀ ਹੈ। ਮਸੌਦਾ ਨਕਸ਼ੇ ਅਤੇ ਵਧੇਰੇ ਵੇਰਵਾ ਪ੍ਰਾਪਤ ਕਰਨ ਅਤੇ ਕੌਂਸਲ ਨੂੰ ਇਨਪੁੱਟ ਦੇਣ ਬਾਰੇ ਜਾਣਕਾਰੀ ਸਮੇਤ ਪੋਸਟਰ ਅਤੇ ਫਲਾਰਾਇਰਸ ਨੂੰ ਸਾਰੀਆਂ ਸਿਟੀ ਦੇ ਸਹੂਲਤ-ਸਥਾਨਾਂ ਅਤੇ ਲਾਈਬਰੇਰੀ ਵਿਚ ਵੰਡਿਆਂ ਅਤੇ ਪੋਸਟ ਕੀਤਾ ਗਿਆ ਹੈ। ਉਨ੍ਹਾਂ ਨੂੰ ਫ਼੍ਰੀਮੌਂਟ ਯੂਨੀਫਾਇਡ ਸਕੂਲ ਜ਼ਿਲ੍ਹਾ ਨੂੰ ਵੀ ਪ੍ਰਦਾਨ ਕੀਤਾ ਗਿਆ ਹੈ। ਸਿਟੀ ਕੌਂਸਲ ਮੀਟਿੰਗ ਏਜੰਡਾ ਕਵਰ ਸ਼ੀਟ ਅਤੇ ਇਹ ਸਟਾਫ਼ ਰਿਪੋਰਟ ਨੂੰ ਸੱਤ ਭਾਸ਼ਾਵਾਂ ਵਿੱਚ ਅਨੁਵਾਦਿਤ ਕੀਤਾ ਗਿਆ ਹੈ ਤਾਂਕਿ ਗੈਰ-ਅੰਗਰੇਜ਼ੀ ਭਾਸ਼ੀ ਨਾਗਰਿਕਾਂ ਨੂੰ ਵਾਧੂ ਸਹਾਇਤਾ ਪ੍ਰਦਾਨ ਕੀਤੀ ਜਾ ਸਕੇ। ਇਨ੍ਹਾਂ ਭਾਸ਼ਾਵਾਂ ਵਿੱਚ ਸਪੈਨਿਸ਼, ਚੀਨੀ, ਵਿਯਤਨਾਮੀ, ਟੈਗਾਲੋਗ, ਦਰੀ, ਹਿੰਦੀ, ਅਤੇ ਪੰਜਾਬੀ। ਅਨੁਵਾਦਿਤ ਦਸਤਾਵੇਜ਼ ਸਿਟੀ ਦੀ ਵੈਬਸਾਈਟ https://fremont.gov/districtelections 'ਤੇ ਉਪਲਬਧ ਹਨ। ਨਾਲ ਹੀ, ਸਿਟੀ ਕੌਂਸਲ ਦੀਆਂ ਬੈਠਕਾਂ ਨੂੰ ਕੌਂਸਲ ਦੇ ਚੈਂਬਰਾਂ ਵਿੱਚ ਬੋਲਿਆਂ (ਬਹਿਰੇ ਲੋਕਾਂ) ਲਈ *ਓਪਨ ਕੈਪਸ਼ਨਡ* ਅਤੇ ਘਰ ਦੇਖਣ ਵਾਲਿਆਂ ਲਈ *ਕਲੋਜ਼ਡ ਕੈਪਸ਼ਨਡ* ਕੀਤਾ ਜਾਂਦਾ ਹੈ।

*ਜ਼ਿਲ੍ਹੇ ਦੇ ਨਕਸ਼ਿਆਂ ਦਾ ਮਸੌਦਾ ਬਣਾਉਣਾ*

ਜਨਤਕ ਸੁਣਵਾਈ ਪ੍ਰਕਿਰਿਆ ਦੇ ਦੌਰਾਨ, ਸਿਟੀ ਦੀ ਸਲਾਹਕਾਰ ਟੀਮ ਨੇ ਉਨ੍ਹਾਂ ਤੱਤਾਂ ਦੇ ਸੰਬੰਧ ਵਿੱਚ ਦਿਸ਼ਾ-ਨਿਰਦੇਸ਼ ਪ੍ਰਦਾਨ ਕੀਤੇ ਜਿੰਨਾਂ ਤੇ ਨਵੇਂ ਮਤਦਾਨ ਜ਼ਿਲ੍ਹੇ ਬਣਾਉਣ ਵੇਲੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ, ਜਿਸ ਵਿੱਚ ਹੇਠਾਂ ਲਿੱਖੇ ਕਾਨੂੰਨੀ ਤੌਰ ਤੇ ਜ਼ਰੂਰੀ ਮਾਪਦੰਡ ਵੀ ਸ਼ਾਮਲ ਹਨ:

- ਹਰੇਕ ਕੌਂਸਲ ਜ਼ਿਲ੍ਹੇ ਵਿੱਚ ਲੱਗਭਗ ਇੱਕ ਸਮਾਨ ਅਬਾਦੀ ਹੋਣੀ ਚਾਹੀਦੀ ਹੈ;
- ਜ਼ਿਲ੍ਹੇ ਬਣਾਉਣ ਦੀ ਯੋਜਨਾ ਇਸ ਤਰੀਕੇ ਨਾਲ ਬਣਾਈ ਜਾਏ ਜੋ ਸੰਘੀ ਮਤਦਾਨ ਅਧਿਕਾਰ
- ਅਧਿਨਿਯਮ ਦਾ ਅਨੁਪਾਲਨ ਕਰਦਾ ਹੋਵੇ; ਅਤੇ
- ਹਰੇਕ ਕੌਂਸਲ ਜ਼ਿਲ੍ਹਾ ਅਮਰੀਕਾ ਦੀ ਸੁਪਰੀਮ ਕੋਰਟ ਰਾਹੀਂ ਸ਼ੌਅ ਵਰਸਿਸ ਰੇਨੋ, 509 ਯੂ.ਐਸ. 630 (1993) ਦੇ ਮਾਮਲੇ ਵਿੱਚ ਸਥਾਪਤ ਅਸੂਲਾਂ ਦੇ ਉਲੰਘਣ ਵਿੱਚ ਜਾਤੀ ਨੂੰ ਮੁੱਖ ਘਟਕ ਦੇ ਤੌਰ ਤੇ ਮੰਨਦੇ ਹੋਏ ਨਹੀਂ ਬਣਾਇਆ ਜਾਏਗਾ।

ਨਾਲ ਹੀ, ਜਨ-ਅੰਕੜਾ ਸਲਾਹਕਾਰ, ਲੈਪਕੋਫ਼ ਐਂਡ ਗੋਬੋਲੇਟ ਡੈਮੋਗ੍ਰੇਫਿਕ ਰਿਸਰਚ, ਇੰਕ (Lapkoff & Gobalet Demographic Research, Inc.) ਨੇ ਕਈ ਕਿਸਮ ਦੇ ਜਨ-ਅੰਕੜੇ ਅਤੇ ਭੂਗੋਲਿਕ ਅੰਕੜੇ ਪੇਸ਼ ਕੀਤੇ ਹਨ ਜੋ ਜ਼ਿਲ੍ਹਿਆਂ ਨੂੰ ਪਰਿਭਾਸ਼ਤ ਕਰਨ ਲਈ ਸੰਭਾਵੀ

ਮਾਪਦੰਡ ਦੇ ਤੌਰ ਤੇ ਸੇਵਾ ਪ੍ਰਦਾਨ ਕਰਦੇ ਹਨ (ਕਾਨੂੰਨੀ ਲੋੜਾਂ ਦੇ ਨਾਲ-ਨਾਲ)। ਸਿਟੀ ਕੌਂਸਲ ਅਤੇ 18 ਅਪਰੈਲ ਨੂੰ ਹੋਈ ਪਹਿਲੀ ਜਨਤਕ ਸੁਣਵਾਈ ਤੇ ਪਬਲਿਕ ਤੋਂ ਮਿਲੇ ਸਾਰੇ ਇਨਪੁੱਟ ਦੇ ਅਧਾਰ ਤੇ, ਜਨ-ਅੰਕੜਾ ਸਲਾਹਕਾਰ ਨੇ ਸਿਟੀ ਨੂੰ ਉਪ-ਖੇਤਰਾਂ ਵਿੱਚ ਵਿਭਾਜਤ ਕੀਤਾ ਅਤੇ ਨਕਸ਼ਿਆਂ ਦੀ ਇੱਕ ਸੀਰੀਜ਼ ਬਣਾਈ ਸੀ ਜੋ ਕਿ ਪਬਲਿਕ ਅਤੇ ਕੌਂਸਲ ਦੁਆਰਾ ਅੱਗੇ ਦੀ ਚਰਚਾ ਦਾ ਮਾਰਗ-ਦਰਸ਼ਨ ਕਰਨ ਅਤੇ ਵੱਖ-ਵੱਖ ਚੋਣ ਜ਼ਿਲ੍ਹਾ ਦ੍ਰਿਸ਼ਾਂ ਦਾ ਮਸੌਦਾ ਤਿਆਰ ਕਰਨ ਲਈ ਕੀਤਾ ਗਿਆ। ਜਨ-ਅੰਕੜਾ ਸਲਾਹਕਾਰ ਨੇ ਜਦੋਂ ਵੀ ਸੰਭਵ ਹੋਇਆ, ਹਾਈ-ਵੇਜ਼, ਵੱਡੀਆਂ ਸੜਕਾਂ, ਛੋਟੀਆਂ ਨਦੀਆਂ, ਅਤੇ ਰੇਲਰੋਡਾਂ ਦੀ ਵੀ (ਪਛਾਣਨਯੋਗ) ਸੀਮਾਵਾਂ ਦੇ ਤੌਰ ਤੇ ਵਰਤੋਂ ਕੀਤੀ ਹੈ।

*ਨਕਸ਼ੇ ਬਣਾਉਣ ਦੇ ਮਾਪਦੰਡ*

ਦੂਜੀ ਜਨਤਕ ਸੁਣਵਾਈ ਵਿੱਚ, ਕੌਂਸਲ ਨੇ ਜਨ-ਅੰਕੜਾ ਸਲਾਹਕਾਰ ਨੂੰ ਨਕਸ਼ਿਆਂ ਦਾ ਮਸੌਦਾ ਬਣਾਉਣ ਵੇਲੇ ਸਥਾਪਤ ਕਾਨੂੰਨੀ ਲੋੜਾਂ ਦੇ ਨਾਲ-ਨਾਲ ਹੇਠਾਂ ਲਿੱਖੇ ਮਾਪਦੰਡਾਂ ਤੇ ਵਿਚਾਰ ਕਰਨ ਲਈ ਕਿਹਾ। ਕਿਰਪਾ ਕਰਕੇ ਧਿਆਨ ਦਿਓ ਕਿ ਮਾਪਦੰਡ ਬਿਨਾਂ ਕਿਸੀ ਖਾਸ ਤਰਜੀਹ ਦੇ ਸੂਚੀਬੱਧ ਕੀਤੇ ਗਏ ਹਨ:

- ਸ਼ਹਿਰ ਦੇ 28 ਪੜੋਸੀ ਜ਼ਿਲ੍ਹੇ
- FUSD ਐਲੀਮੇਂਟਰੀ ਅਤੇ ਹਾਈ ਸਕੂਲ ਹਾਜ਼ਰੀ ਖੇਤਰ
- ਸ਼ਹਿਰ ਦੇ 9 ਵਪਾਰਕ ਜ਼ਿਲ੍ਹੇ
- ਟ੍ਰਾਂਜ਼ਿਟ ਓਰੀਐਂਟਿਡ ਡਿਵੈਲਪਮੈਂਟ ਜ਼ਮੀਨ-ਵਰਤੋਂ ਦੀ ਡਿਜ਼ਾਈਨਿੰਗ
- 2010 ਤੋਂ ਬਾਅਦ ਦੀ ਹਾਉਜ਼ਿੰਗ ਅਤੇ ਅਬਾਦੀ ਦਾ ਵਿਕਾਸ
- ਕੈਲੀਫ਼ੋਰਨੀਆਂ ਰਾਜ ਵਿਧਾਨ ਸਭਾ ਜ਼ਿਲ੍ਹੇ ਦੀਆਂ ਹੱਦਾਂ
- ਕਾਂਗਰੇਸ਼ਨਲ ਜ਼ਿਲ੍ਹੇ ਦੀਆਂ ਹੱਦਾਂ
- ਜਣਗਣਨਾ ਬਲਾਕ
- ਜਨ-ਅੰਕੜਾ ਕਾਰਕ ਜਿਵੇਂ ਕਿ, ਹਾਈ-ਵੇਜ਼, ਵੱਡੀਆਂ ਸੜਕਾਂ, ਛੋਟੀਆਂ ਨਦੀਆਂ, ਅਤੇ ਰੇਲਰੋਡਾਂ ਨੂੰ ਵੀ (ਪਛਾਣਨਯੋਗ) ਸੀਮਾਵਾਂ
- ਖੇਤਰ ਦੀ ਏਕਤਾ, ਅਨੁਕੂਲਤਾ, ਪੂਰਨਤਾ ਅਤੇ ਸੰਜਮਤਾ।

ਇਸ ਤੋਂ ਬਾਅਦ, ਤੀਜੀ ਜਨਤਕ ਸੁਣਵਾਈ ਵਿੱਚ, ਕੌਂਸਲ ਨੇ ਨਕਸ਼ੇ C ਲਈ ਆਪਣੀ ਤਰਜੀਹ ਦਰਸਾਈ ਅਤੇ ਹੇਠਾਂ ਲਿੱਖੇ ਮਾਪਦੰਡਾਂ ਨੂੰ ਨਕਸ਼ੇ ਦੇ ਸੰਸ਼ੋਧਤ ਮਸੌਦੇ ਦੇ ਅਧਾਰ ਦੇ ਤੌਰ ਤੇ ਸ਼ਾਮਲ ਕਰਨ ਲਈ ਬੇਨਤੀ ਕੀਤੀ।

- ਮੂਲ ਨਕਸ਼ੇ C ਵਿੱਚ ਪ੍ਰਸਤਾਵਿਤ ਜ਼ਿਲ੍ਹਾ 1 ਨੂੰ ਇਸ ਤਰੀਕੇ ਨਾਲ ਵੰਡਿਆ ਜਾਣਾ ਚਾਹੀਦਾ ਹੈ ਤਾਂਕਿ ਨਾਰਥ ਵਿੱਚ ਆਰਡੇਨਵੁੱਡ ਅਤੇ ਦੱਖਣ ਵਿੱਚ ਬੇਸਾਈਡ/ਵਾਰਮ ਸਪ੍ਰਿੰਗਸ ਦੇ ਖੇਤਰਾਂ ਨੂੰ ਨਾ ਜੋੜਿਆ ਜਾਏ।

- ਜਿੱਥੋਂ ਤੱਕ ਸੰਭਵ ਹੋਵੇ, ਫ੍ਰੀਮੌਂਟ ਦੇ ਸਥਾਪਤ ਪੜੋਸੀ ਖੇਤਰਾਂ (ਨੇਬਰਹੁੱਡਜ਼) ਤੇ ਵਿਚਾਰ ਕੀਤਾ ਜਾਏ।

- ਜਿੱਥੋਂ ਤੱਕ ਸੰਭਵ ਹੋਵੇ, ਸਲਾਹਕਾਰਾਂ ਨੂੰ ਇਹ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ ਕਿ ਇੱਕੋ ਜਿਹੀ ਰੂਚੀ ਵਾਲੇ ਅਫ਼ਗਾਨ ਸਮੂਦਾਇ ਨੂੰ ਇੱਕ ਹੀ ਜ਼ਿਲ੍ਹੇ ਵਿੱਚ ਕਿਸ ਤਰ੍ਹਾਂ ਰੱਖਿਆ ਜਾਏ।

- ਜ਼ਿਲ੍ਹਿਆਂ ਦੀ ਸੰਜਮਤਾ ਨੂੰ ਬਣਾਏ ਰੱਖਿਆ ਜਾਏ - ਪੱਕਾ ਕਰੋ ਕਿ ਸੀਮਾਵਾਂ ਸਪਸ਼ਟ ਰੇਖਾਵਾਂ ਦੀ ਪਾਲਣਾ ਕਰਨ ਅਤੇ ਅਨਿਯਮਿਤ ਆਕਾਰਾਂ ਨੂੰ ਸੀਮਿਤ ਕਰੋ।

- ਮੁਲਾਂਕਣ ਕਰੋ ਕਿ ਕੀ ਸੱਤਾ (incumbency) ਦਾ ਸਨਮਾਨ ਕਰਨ ਲਈ ਗਲੈਨਮੂਰ ਅਤੇ ਗਲੈਨ ਮੈਨੋਰ ਪੜੋਸੀ ਖੇਤਰਾਂ ਨੂੰ ਵੱਖ-ਵੱਖ ਜ਼ਿਲ੍ਹਿਆਂ ਵਿੱਚ ਰੱਖਿਆ ਜਾ ਸਕਦਾ ਹੈ।

- ਜਿੱਥੋਂ ਤੱਕ ਸੰਭਵ ਹੋਵੇ, ਹਾਈ ਸਕੂਲ ਹਾਜ਼ਰੀ ਖੇਤਰਾਂ ਤੇ ਵਿਚਾਰ ਕੀਤਾ ਜਾਏ।

- ਜਿੱਥੋਂ ਤੱਕ ਸੰਭਵ ਹੋਵੇ, ਇਹ ਪੱਕਾ ਕਰਨ ਲਈ ਹਰੇਕ ਜ਼ਿਲ੍ਹੇ ਵਿੱਚ ਰਿਹਾਇਸ਼ੀ ਅਤੇ ਵਪਾਰਕ ਦੋਵੇਂ ਸਮੇਤ ਵਰਤਾਰਿਆਂ ਦਾ ਇੱਕ ਮਿਸ਼ਰਨ ਹੋਵੇ।

ਸਿਟੀ ਕੌਂਸਲ ਨੇ ਜਨ-ਅੰਕੜਾ ਸਲਾਹਕਾਰ ਨੂੰ ਪਬਲਿਕ ਅਤੇ ਸਿਟੀ ਕੌਂਸਲ ਦੇ ਵਿਚਾਰ ਅਧੀਨ ਹਰੇਕ ਮਸੌਦਾ ਜ਼ਿਲ੍ਹੇ ਵਿੱਚ ਚੋਣਾਂ ਦੀ ਇੱਕ ਸੰਭਾਵਤ ਤਰਤੀਬ ਸੌਂਪਦੇ ਹੋਏ ਹੇਠਾਂ ਲਿੱਖੇ ਸ਼ੁਰੂਆਤੀ ਪਹਿਲੂਆਂ ਨੂੰ ਲਾਗੂ ਕਰਨ ਦਾ ਨਿਰਦੇਸ਼ ਦਿੱਤਾ:

1. 2018 ਵਿੱਚ ਹੇਠਾਂ ਅਨੁਸਾਰ ਚਾਰ ਜ਼ਿਲ੍ਹੇ ਚੋਣਾਂ ਰਾਹੀਂ ਭਰੇ ਜਾਣਗੇ:

    ਦੋ ਜ਼ਿਲ੍ਹੇ ਜਿੰਨਾਂ ਵਿੱਚ ਕੋਈ ਪਦਗ੍ਰਾਹੀ (incumbent) ਨਹੀਂ ਰਹਿੰਦਾ (ਮੇਅਰ ਤੋਂ ਇਲਾਵਾ), ਨੂੰ 2018 ਵਿੱਚ ਚੋਣਾਂ ਰਾਹੀਂ ਭਰਿਆ ਜਾਏਗਾ।

    ਕੋਈ ਵੀ ਜ਼ਿਲ੍ਹਾ ਜਿਸ ਵਿੱਚ ਕੋਈ ਪਦਗ੍ਰਾਹੀ ਰਹਿੰਦਾ ਹੈ, ਜਿਸਦੀ ਮਿਆਦ 2018 ਵਿੱਚ ਖਤਮ ਹੁੰਦੀ ਹੈ, ਉਸਨੂੰ 2018 ਵਿੱਚ ਇੱਕ ਚਾਰ ਸਾਲ ਦੀ ਮਿਆਦ ਵਾਲੇ ਸੱਤਰ ਨਾਲ ਭਰਿਆ ਜਾਏਗਾ।

ਜੇ ਮੌਜੂਦਾ ਪਦਗ੍ਰਾਹਿਆਂ (incumbents) ਜਿਨ੍ਹਾਂ ਦਾ ਕਾਰਜਕਾਲ 2018 ਵਿੱਚ ਖਤਮ ਹੁੰਦਾ ਹੈ, ਦੀ ਰਿਹਾਇਸ਼ ਇੱਕ ਅਜਿਹੇ ਜ਼ਿਲ੍ਹੇ ਵਿੱਚ ਹੈ ਤਾਂ ਉਸ ਜ਼ਿਲ੍ਹੇ ਨੂੰ, ਬਹਿਰਹਾਲ, 2018 ਵਿੱਚ ਚਾਰ ਸਾਲਾਂ ਦੇ ਕਾਰਜਕਾਲ ਲਈ ਚੋਣ ਦੁਆਰਾ ਭਰਿਆ ਜਾਏਗਾ, ਅਤੇ ਇੱਕ ਤੀਜਾ ਜ਼ਿਲ੍ਹਾ ਜਿਸ ਵਿੱਚ ਕੋਈ ਪਦਗ੍ਰਾਹੀ ਨਹੀਂ ਰਹਿੰਦਾ, ਤਾਂ ਉਹ 2018 ਵਿੱਚ ਚੋਣ ਰਾਹੀਂ ਭਰਿਆ ਜਾਏਗਾ।

ਉਸ ਤੋਂ ਬਾਅਦ ਸਿਟੀ ਕੌਂਸਲ ਕਿਸੀ ਅਜਿਹੇ ਜ਼ਿਲ੍ਹੇ ਨੂੰ ਦੋ ਸਾਲ ਦੇ ਕਾਰਜਕਾਲ ਲਈ ਨਾਮਿਤ ਕਰੇਗੀ ਜਿਸ ਵਿੱਚ ਕੋਈ ਪਦਗ੍ਰਾਹੀ (incumbent) ਨਹੀਂ ਰਹਿੰਦਾ। ਹੋਰ ਇੱਕ ਜਾਂ ਦੋ ਜ਼ਿਲ੍ਹਿਆਂ ਵਿੱਚ ਵਿੱਚ ਹਰੇਕ ਵਿੱਚ ਚਾਰ ਸਾਲ ਦਾ ਕਾਰਜਕਾਲ ਹੋਵੇਗਾ।

2. 2020 ਵਿੱਚ ਹੇਠਾਂ ਅਨੁਸਾਰ ਤਿੰਨ ਜ਼ਿਲ੍ਹੇ ਚੋਣਾਂ ਰਾਹੀਂ ਭਰੇ ਜਾਣਗੇ:

ਦੋ ਜ਼ਿਲ੍ਹੇ ਜਿੰਨਾਂ ਨੂੰ 2018 ਵਿੱਚ ਚੋਣ ਰਾਹੀਂ ਨਹੀਂ ਭਰਿਆ ਗਿਆ ਹੈ, ਉਨ੍ਹਾਂ ਨੂੰ 2020 ਵਿੱਚ ਚਾਰ ਸਾਲ ਦੀ ਮਿਆਦਾਂ ਲਈ ਚੋਣ ਰਾਹੀਂ ਭਰਿਆ ਜਾਏਗਾ।

2018 ਵਿੱਚ ਦੋ ਸਾਲ ਦੀ ਮਿਆਦ ਲਈ ਨਾਮਿਤ ਜ਼ਿਲ੍ਹੇ ਨੂੰ 2020 ਵਿੱਚ ਇੱਕ ਚਾਰ ਸਾਲ ਦੀ ਮਿਆਦ ਨਾਲ ਫੇਰ ਭਰਿਆ ਜਾਏਗਾ।

*ਚੋਣਕਾਰ ਜ਼ਿਲ੍ਹਿਆਂ ਦੀ ਸੰਖਿਆ*

ਸਿਟੀ ਕੌਂਸਲ ਨੇ ਸਿਟੀ ਵਿਆਪੀ ਵੋਟਰਾਂ ਰਾਹੀਂ ਚੁਣੇ ਗਏ ਇੱਕ ਮੇਅਰ ਵਾਲੇ ਛੇ (6) ਚੋਣਕਾਰ ਜ਼ਿਲ੍ਹਿਆਂ ਦੀ ਬਨਾਵਟ ਤੇ ਅਧਾਰ ਤੇ ਨਕਸ਼ੇ ਦਾ ਮਸੌਦਾ ਤਿਆਰ ਕਰਨ ਲਈ ਸਿਟੀ ਦੀ ਸਲਾਹਕਾਰ ਟੀਮ ਨੂੰ ਨਿਰਦੇਸ਼ਿਤ ਕੀਤਾ ਹੈ।

**ਵਿਚਾਰ-ਵਟਾਂਦਰਾ / ਵਿਸ਼ਲੇਸ਼ਣ**

*ਪਬਲਿਕ ਦੀਆਂ ਟਿੱਪਣੀਆਂ ਅਤੇ ਕੌਂਸਲ ਦਾ ਵਿਚਾਰ-ਵਟਾਂਦਰਾ*

16 ਮਈ 2017 ਨੂੰ ਚੌਥੀ ਜਨਤਕ ਸੁਣਵਾਈ ਵਿੱਚ, ਸਮੂਦਾਇ ਅਤੇ ਕੌਂਸਲ ਨੂੰ ਉਨ੍ਹਾਂ ਚਾਰ ਨਵੇਂ ਮਸੌਦਾ ਨਕਸ਼ਿਆ ਤੇ ਫੀਡਬੈਕ ਪ੍ਰਦਾਨ ਕਰਨ ਦਾ ਮੌਕਾ ਮਿਲਿਆ ਜੋ ਕਿ ਤੀਜੀ ਜਨਤਕ ਸੁਣਵਾਈ ਵਿੱਚ ਕੌਂਸਲ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਤਿਆਰ ਕੀਤੇ ਗਏ ਸਨ। ਇਨ੍ਹਾਂ ਨਕਸ਼ਿਆ ਨੂੰ ਟਾਈਟਲ ਦਿੱਤਾ ਗਿਆ ਸੀ, ਨਕਸ਼ਾ C-1, C-2, ਨਕਸ਼ਾ C-2a, ਅਤੇ ਨਕਸ਼ਾ M. ਸਿਟੀ ਨੇ ਨਿਰਪੱਖ ਕਾਨੂੰਨੀ ਸਲਾਹਕਾਰ ਨੇ ਪੁਸ਼ਟੀ ਕੀਤੀ ਕਿ ਸਾਰੇ ਮਸੌਦਾ ਨਕਸ਼ੇ ਕੈਲੀਫੋਰਨੀਆ ਵੋਟਿੰਗ ਰਾਈਟਸ ਐਕਟ (California Voting Rights Act) ਅਤੇ ਫੈਡਰਲ ਵੋਟਿੰਗ ਰਾਈਟ ਐਕਟ (Federal Voting Right Act) ਦਾ ਅਨੁਪਾਲਨ ਕਰਦੇ ਹਨ।

ਨਵੇਂ ਨਕਸ਼ਿਆਂ 'ਚੋਂ ਜ਼ਿਲ੍ਹੇ 1 ਚੋਂ ਬੇਅਸਾਈਡ/ਵਾਰਮ ਸਪ੍ਰਿੰਗਸ ਖੇਤਰ ਨੂੰ ਕੱਢ ਦਿੱਤਾ ਗਿਆ। ਨਕਸ਼ੇ C-1 ਵਿੱਚ ਜ਼ਿਲ੍ਹੇ 3 ਵਿੱਚ ਗਲੈਨਮੂਰ ਅਤੇ ਗਲੈਨ ਮੈਨੋਰ ਪੜੋਸੀ ਖੇਤਰਾਂ ਨੂੰ ਇਕੱਠਾ ਰੱਖਿਆ ਗਿਆ ਜਦੋਂਕਿ ਨਕਸ਼ਾ C-2 ਵਿੱਚ ਦੋ ਪੜੋਸੀ ਖੇਤਰਾਂ ਨੂੰ ਵੰਡ ਦਿੱਤਾ ਗਿਆ ਤਾਂਕਿ ਗਲੈਨਮੂਰ ਜ਼ਿਲ੍ਹਾ 2 ਵਿੱਚ ਸੀ ਅਤੇ ਗਲੈਨ ਮੈਨੋਰ ਜ਼ਿਲ੍ਹਾ 3 ਵਿੱਚ ਸੀ। ਨਕਸ਼ਾ C-2a ਵਿੱਚ ਜ਼ਿਲ੍ਹੇ 2 ਅਤੇ 3 ਦੇ ਵਿਚਕਾਰ ਦੀ ਸੀਮਾ ਨੂੰ ਸੰਸ਼ੋਧਤ ਕੀਤਾ

ਗਿਆ ਤਾਂਕਿ ਅਫ਼ਗਾਨ ਸਮੂਦਾਇ ਦੇ ਬਹੁਮਤ ਨੂੰ ਇਕਲੌਤੇ ਜ਼ਿਲ੍ਹੇ ਵਿੱਚ ਰੱਖਿਆ ਜਾ ਸਕੇ। ਜਨ-ਅੰਕੜਾ ਸਲਾਹਕਾਰਾਂ ਨੇ ਪੂਰਵ ਮੇਅਰ ਗਸ ਮੌਰੀਸਨ ਰਾਹੀਂ ਪ੍ਰਸਤਾਵਿਤ ਜ਼ਿਲ੍ਹਿਆਂ ਦੇ ਵਿਭਾਜਨ ਨੂੰ ਦਰਸਾਉਣ ਲਈ ਨਕਸ਼ਾ M ਵੀ ਬਣਾਇਆ ਜੋ ਕਿ ਕੈਲੀਫੋਰਨੀਆ ਅਤੇ ਫੈਡਰਲ ਵੋਟਿੰਗ ਰਾਈਟਸ ਐਕਟ ਦੀਆਂ ਲੋੜਾਂ ਦੇ ਨਾਲ ਅਨੁਕੂਲ ਬਣਾਉਣ ਲਈ ਸਲਾਹਕਾਰ ਟੀਮ ਨੇ ਸੰਸ਼ੋਧਤ ਕੀਤਾ।

ਮਸੌਦਾ ਨਕਸ਼ਿਆ ਬਾਰੇ ਜਨਤਕ ਟਿੱਪਣੀਆਂ ਸੁਣਵਾਈ ਵਿੱਚ ਅਤੇ ਸਿਟੀ ਦੀ ਜ਼ਿਲ੍ਹੇ ਦੀ ਚੋਣਾਂ ਦੀ ਵੈਬਸਾਈਟ ਤੇ ਪ੍ਰਾਪਤ ਕੀਤੇ ਗਏ। ਜਨਤਕ ਟਿੱਪਣੀਆਂ ਦੇਣ ਵਾਲੇ ਬਹੁਤੇਰੇ ਸਪੀਕਰਾਂ ਨੇ ਨਕਸ਼ੇ C-2a ਲਈ ਤਰਜੀਹ ਨੂੰ ਜਾਹਰ ਕੀਤਾ, ਜੋ ਕਿ ਨਕਸ਼ੇ C-2 ਦਾ ਇੱਕ ਬਦਲਿਆ ਹੋਇਆ ਰੂਪ ਸੀ, ਜਿਸਨੂੰ ਮੂਲ ਰੂਪ ਵਿੱਚ 9 ਮਈ ਨੂੰ ਪੋਸਟ ਕੀਤਾ ਗਿਆ ਸੀ। ਨਕਸ਼ੇ C-2a ਲਈ ਸਮਰਥਨ ਮੁੱਖ ਤੌਰ ਤੇ ਇਸ ਤੱਥ ਤੇ ਅਧਾਰਤ ਸੀ ਕਿ ਉਹ ਜ਼ਿਆਦਾਤਰ ਅਫ਼ਗਾਨ ਸਮੂਦਾਇ ਨੂੰ ਇੱਕ ਹੀ ਜ਼ਿਲ੍ਹੇ ਵਿੱਚ ਰੱਖਿਆ ਗਿਆ ਸੀ। ਨਾਲ ਹੀ, ਪਬਲਿਕ ਦੇ ਸਦੱਸਾਂ ਨੇ ਸੁਝਾਓ ਦਿੱਤਾ ਕਿ ਟ੍ਰਾਂਜ਼ਿਟ-ਅਨੁਕੂਲ ਵਿਕਾਸ (TOD) ਖੇਤਰਾਂ ਦੀ ਹਰੇਕ ਜ਼ਿਲ੍ਹੇ ਵਿੱਚ ਨੁਮਾਇੰਦਗੀ ਕੀਤੀ ਜਾਣੀ ਚਾਹੀਦੀ ਹੈ ਅਤੇ ਇਹ ਕਿ ਪਰੰਪਰਾਗਤ ਪੜੋਸਾਂ ਨੂੰ ਜ਼ਿਲ੍ਹੇ ਬਣਾਉਣ ਵੇਲੇ ਧਿਆਨ ਵਿੱਚ ਰੱਖਿਆ ਜਾਣਾ ਚਾਹੀਦਾ ਹੈ।

ਕੌਂਸਲ ਨੇ ਵੀ, ਅਜਿਹੇ ਹੀ ਕਾਰਨਾਂ ਤੋਂ, ਨਕਸ਼ਿਆਂ C-1 ਅਤੇ C-2a ਲਈ ਤਰਜੀਹ ਦਰਸਾਈ ਹੈ। ਕੌਂਸਲ ਦੇ ਸਦੱਸ ਜੋਨਸ ਨੇ ਸੀਮਾਵਾਂ ਵਿੱਚ ਇੱਕ ਹਲਕਾ ਜਿਹੇ ਸੰਸ਼ੋਧਨ ਦਾ ਸੁਝਾਓ ਦਿੱਤਾ ਹੈ ਜਿੱਥੇ ਪ੍ਰਸਤਾਵਿਤ ਜ਼ਿਲ੍ਹੇ 4, 5 ਅਤੇ 6 ਆਪਸ ਵਿੱਕ ਇੰਟ੍ਰਸੈਕਟ ਕਰਕੇ ਜ਼ਿਲ੍ਹਿਆਂ ਨੂੰ ਥੋੜਾ ਹੋਰ ਵਧੇਰੇ ਸੌਂੜਾ ਬਣਾਉਂਦੇ ਹਨ ਅਤੇ ਇਰਵਿੰਗਟਨ ਬਾਰਟ ਸਟੇਸ਼ਨ TOD ਨੂੰ ਹੋਰ ਸਮਝਦਾਰੀ ਨਾਲ ਵਿਭਾਜਨ ਕਰਨ ਦੀ ਸਲਾਹ ਇਹ ਮੰਨਦੇ ਹੋਏ ਦਿੰਦੇ ਹਨ ਕਿ ਉਨ੍ਹਾਂ ਜ਼ਿਲ੍ਹਿਆਂ ਵਿੱਚ ਅਬਾਦੀ ਦੇ ਅੰਕੜਿਆਂ ਵਿੱਚ ਬਹੁਤ ਜ਼ਿਆਦਾ ਵਾਧਾ ਨਹੀਂ ਹੋਏਗਾ। ਇਹ ਸੰਸ਼ੋਧਨ ਨਕਸ਼ੇ C-1 ਅਤੇ C-2a ਵਿੱਚ ਕਰ ਦਿੱਤੇ ਗਏ ਹਨ ਅਤੇ ਇਨ੍ਹਾਂ ਦੇ ਨਤੀਜੇ ਵਜੋ ਯੋਜਨਾਵਾਂ ਲਈ ਕੁੱਲ ਬਦਲਾਅ ਪ੍ਰਤੀਸ਼ਤ ਵਿੱਚ ਥੋੜ੍ਹਾ ਜਿਹਾ ਵਾਧਾ ਹੋਇਆ ਹੈ। ਵਧੇਰੀ ਸਘਨਤਾ ਹਾਸਲ ਕਰਨ ਤੋਂ ਇਲਾਵਾ, ਸੰਸ਼ੋਧਤ ਕੀਤੇ ਗਏ ਨਕਸ਼ੇ ਇਰਵਿੰਗਟਨ TOD ਖੇਤਰਾਂ ਨੂੰ ਦੋ ਕੌਂਸਲ ਜ਼ਿਲ੍ਹਿਆਂ ਵਿੱਚ ਵੀ ਵਿਭਾਜਤ ਕਰਦੇ ਹਨ ਅਤੇ ਜ਼ਿਲ੍ਹਾ 6 ਵਿੱਚ ਔਸਗੁੱਡ ਰੋਡ ਦੇ ਦੋਵੇਂ ਪਾਸਿਆਂ ਨੂੰ ਵਾਸ਼ਿੰਗਟਨ ਬੁਲੇਵਾਡ ਅਤੇ ਡਰਹਮ ਰੋਡ ਦੇ ਵਿਚਕਾਰ ਰੱਖਦੇ ਹਨ। ਇਹ ਸੰਸ਼ੋਧਤ ਨਕਸ਼ੇ 30 ਮਈ ਨੂੰ ਪ੍ਰਕਾਸ਼ਤ ਕੀਤੇ ਗਏ ਸਨ ਅਤੇ ਇਨ੍ਹਾਂ ਨੂੰ C-1a ਅਤੇ C-2b ਕਿਹਾ ਜਾਂਦਾ ਹੈ।

*ਚੋਣ ਕ੍ਰਮ*

ਸਿਟੀ ਕੌਂਸਲ ਦਾ ਇਹ ਪੱਕਾ ਕਰਨ ਲਈ ਇੱਕ ਅਜਿਹੀ ਚੋਣ ਕ੍ਰਮ ਸਮਾਂ-ਸਾਰਣੀ ਸਥਾਪਤ ਕਰਨਾ ਜ਼ਰੂਰੀ ਹੈ ਕਿ ਨਵੰਬਰ 2018 ਦੀਆਂ ਚੋਣਾਂ ਤੋਂ ਬਾਅਦ ਛੇ ਕੌਂਸਲ ਸਦੱਸ ਸੀਟਾਂ ਤੇ ਮੌਜੂਦ ਹੋਣ ਅਤੇ ਇਹ ਕਿ ਚੋਣਾਂ ਇਵੇਂ ਕ੍ਰਮਬੱਧ ਹੋਣ ਕਿ ਹਰੇਕ ਭਵਿੱਖੀ ਚੋਣਾਂ ਵਿੱਚ ਤਿੰਨ ਕੌਂਸਲ ਸਦੱਸਾਂ ਦੀ ਚੋਣ ਕੀਤੇ ਜਾਏ। ਕਿਉਂਕਿ ਫਿਲਹਾਲ ਕੌਂਸਲ ਵਿੱਚ ਦੋ ਅਜਿਹੇ ਪਦਗ੍ਰਾਹੀ ਹਨ ਜਿੰਨਾਂ ਦਾ ਕਾਰਜਕਾਲ 2020 ਤੱਕ ਖਤਮ ਨਹੀਂ ਹੁੰਦਾ (ਕੌਂਸਲ ਸਦੱਸ ਬੇਕਨ ਅਤੇ ਸਲਵਾਨ), ਇਸਲਈ ਇਸਦਾ ਮਤਲਬ ਹੈ ਕਿ ਬਾਕੀ ਬਚਿਆਂ ਚਾਰ ਸੀਟਾਂ ਦਾ 2018 ਦੀਆਂ ਚੋਣਾਂ ਵਿੱਚ ਭਰਿਆ ਜਾਣਾ ਜ਼ਰੂਰੀ ਹੈ। ਨਕਸੇ C-1a ਦੇ ਤਹਿਤ, ਇੱਕ ਸੀਟ ਜ਼ਿਲ੍ਹਾ 3 ਵਿੱਚ ਇੱਕ ਚੋਣ ਦੁਆਰਾ ਭਰੀ ਜਾਏਗੀ, ਜਿੱਥੇ ਦੋ ਪਦਗ੍ਰਾਹੀ ਰਹਿੰਦੇ ਹਨ ਅਤੇ ਬਾਕੀ ਤਿੰਨ ਸੀਟਾਂ ਬਾਕੀ ਬਚੇ ਚਾਰ ਜ਼ਿਲ੍ਹਿਆਂ ਵਿੱਚੋਂ ਤਿੰਨ ਵਿੱਚ ਚੋਣਾਂ ਦੁਆਰਾ ਭਰਿਆਂ ਜਾਣਗੀਆਂ। ਉਨ੍ਹਾਂ ਦੋ ਸੀਟਾਂ ਚੋਂ, ਇੱਕ ਦੋ ਸਾਲ ਦੀ ਮਿਆਦ ਵਾਲੀ ਹੋਵੇਗੀ ਤਾਂਕਿ 2020 ਵਿੱਚ ਤਿੰਨ ਜ਼ਿਲ੍ਹਾਂ ਚੋਣਾਂ ਹੋਣਗੀਆਂ (ਜ਼ਿਲ੍ਹਾ 5 ਜਿੱਥੇ ਪਦਗ੍ਰਾਹੀ ਸਲਵਾਨ ਅਤੇ ਦੋ ਹੋਰ ਰਹਿੰਦੇ ਹਨ)। ਨਕਸ਼ਾ C-2b ਵੀ ਨਕਸ਼ਾ C-1a ਦੇ ਹਾਰ ਹੀ ਹੈ ਸਿਵਾਇ ਕਿ ਇਸ ਵਿੱਚ ਜ਼ਿਲ੍ਹੇ 2 ਅਤੇ 3 ਦੋਵਾਂ ਵਿੱਚ ਪਦਗ੍ਰਾਹੀ ਹੋਣਗੇ ਤਾਂਕਿ ਤਿੰਨ ਚੋਂ ਬਾਕੀ ਬਚੇ ਦੋ ਜ਼ਿਲ੍ਹਿਆਂ ਵਿੱਚ ਹੀ ਚੋਣਾਂ ਹੋਣਗੀਆਂ।

ਕੌਂਸਲ ਇਹ ਚੋਣ ਕਰ ਸਕਦੀ ਹੈ ਕਿ ਕਿਹੜੇ ਓਪਨ ਜ਼ਿਲ੍ਹਿਆਂ ਵਿੱਚ ਲੌਟ (ਸਟ੍ਰਾ ਡ੍ਰਾ ਕਰਕੇ) ਜਾਂ ਹੋਰ ਪਾਤਰਤਾ ਦੇ ਅਧਾਰ ਤੇ ਚੋਣਾਂ ਕੀਤੀਆਂ ਜਾਣ। ਉਦਾਹਰਨ ਲਈ, 16 ਮਈ 2017 ਦੀ ਕੌਂਸਲ ਮੀਟਿੰਗ ਵਿੱਚ, ਪਬਲਿਕ ਦੇ ਇੱਕ ਸਦੱਸ ਨੇ ਇਹ ਸੁਝਾਓ ਦਿੱਤਾ ਕਿ ਜ਼ਿਲ੍ਹਾ 1 ਚੁਣਿਆ ਜਾਏ ਕਿਉਂਕਿ ਸਿਟੀ ਦੇ ਇਤਿਹਾਸ ਵਿੱਚ ਉਸ ਖੇਤਰ 'ਚੋਂ ਕੋਈ ਕੌਂਸਲ ਸਦੱਸ ਨਹੀਂ ਚੁਣਿਆ ਗਿਆ। ਕੌਂਸਲ ਦਾ ਇਹ ਚੁਣਨਾ ਵੀ ਜ਼ਰੂਰੀ ਹੋਵੇਗਾ ਕਿ ਕਿਹੜੀ ਓਪਨ ਜ਼ਿਲ੍ਹਾ ਸੀਟ ਤੇ 2018 ਦੀਆਂ ਚੋਣਾਂ ਵਿੱਚ ਇੱਕ ਦੋ ਸਾਲ ਵਾਲੀ ਮਿਆਦ ਹੋਵੇਗੀ। ਇਸਦੀ ਚੋਣ ਲੌਟ (ਡ੍ਰਾ) ਦੁਆਰਾ ਵੀ ਕੀਤੀ ਜਾ ਸਕਦੀ ਹੈ। ਚੋਣ ਕ੍ਰਮ ਕਿਵੇਂ ਕੰਮ ਕਰ ਸਕਦਾ ਹੈ, ਉਸਦਾ ਇੱਕ ਉਦਾਹਰਨ ਇੱਥੇ ਦਿੱਤਾ ਗਿਆ ਹੈ। ਸ਼ੇਡ ਕੀਤਾ ਹੋਇਆ ਖੇਤਰ ਦਰਸਾਉਂਦਾ ਹੈ ਕਿ ਕਿਵੇਂ ਜ਼ਿਲ੍ਹਾ ਸੀਟ ਚੋਣਾਂ ਨੂੰ ਕਿਵੇਂ ਵੰਡਿਆ ਗਿਆ ਹੈ।

| **ਚੋਣਾਂ ਦੀ ਤਰਤੀਬ ਦੇ ਉਦਾਹਰਨ**<br><br>**2018 ਦੀਆਂ ਚੋਣਾਂ** | | |
|---|---|---|
| **ਕੌਂਸਲ ਜ਼ਿਲ੍ਹਾ** | **ਨਕਸ਼ਾ C-1a** | **ਨਕਸ਼ਾ C-2b** |
| **1** | **2018** | **2018** |
| **2** | **2018** | **2018 (ਜੋਨਸ)** |
| **3** | **2018 (ਜੋਨਸ /ਬੋਨਾਕੋਰਸੀ)** | **2018 (ਬੋਨਾਕੋਰਸੀ)** |
| **4** | **2018 (ਦੋ ਸਾਲ ਦੀ ਮਿਆਦ)** | **2018 (ਦੋ ਸਾਲ ਦੀ ਮਿਆਦ)** |
| **ਵਿਆਪਕ ਪੱਧਰ ਵਾਲੇ ਸਦੱਸ ਜੋ ਦਫ਼ਤਰ ਵਿੱਚ ਬਣੇ ਰਹਿਣਗੇ** | **ਬੇਕਨ (2020 ਵਿੱਚ ਮਿਆਦ ਖਤਮ ਹੁੰਦੀ ਹੈ)**<br>**ਸਲਵਾਨ (2020 ਦੀਆਂ ਚੋਣਾਂ ਵਿੱਚ ਖੜ੍ਹੇ ਹੋਣਗੇ)** | **ਬੇਕਨ (2020 ਵਿੱਚ ਮਿਆਦ ਖਤਮ ਹੁੰਦੀ ਹੈ)**<br>**ਸਲਵਾਨ (2020 ਦੀਆਂ ਚੋਣਾਂ ਵਿੱਚ ਖੜ੍ਹੇ ਹੋਣਗੇ)** |
| **2020 ਦੀਆਂ ਚੋਣਾਂ** | | |
| **4** | **2020 (ਦੋ ਸਾਲਾਂ ਦੀ ਮਿਆਦ ਖਤਮ ਹੁੰਦੀ ਹੈ)** | **2020 (ਦੋ ਸਾਲਾਂ ਦੀ ਮਿਆਦ ਖਤਮ ਹੁੰਦੀ ਹੈ)** |
| **5** | **2020 (ਸਲਵਾਨ)** | **2020 (ਸਲਵਾਨ)** |
| **6** | **2020** | **2020** |
| **ਵਿਆਪਕ ਪੱਧਰ ਵਾਲੇ ਸਦੱਸ ਜੋ ਦਫ਼ਤਰ ਵਿੱਚ ਬਣੇ ਰਹਿਣਗੇ** | **ਕੋਈ ਨਹੀਂ** | **ਕੋਈ ਨਹੀਂ** |

ਪੀਲੀ ਸ਼ੇਡਿੰਗ = ਉਹ ਜ਼ਿਲ੍ਹੇ ਜਿੰਨਾਂ ਵਿੱਚ 2018 ਵਿੱਚ ਚੋਣਾਂ ਹੋਣਗੀਆਂ।

ਹਰੀ ਸ਼ੇਡਿੰਗ = = ਉਹ ਜ਼ਿਲ੍ਹੇ ਜਿੰਨਾਂ ਵਿੱਚ 2020 ਵਿੱਚ ਚੋਣਾਂ ਹੋਣਗੀਆਂ। ਧਿਆਨ ਦਿਓ ਜ਼ਿਲ੍ਹਾ 4 ਵਿੱਚ 2018 ਵਿੱਚ ਦੋ ਸਾਲ ਦੀ ਮਿਆਦ ਵਾਲੀਆਂ ਚੋਣਾਂ ਹੋਣਗੀਆਂ ਅਤੇ ਪਹਿਲੇ ਚਾਰ ਸਾਲ ਦੀ ਮਿਆਦ ਵਾਲੀਆਂ ਚੋਣਾਂ 2020 ਵਿੱਚ ਹੋਣਗੀਆਂ

ਨੋਟਸ:

ਨਕਸ਼ਾ C-1a - ਕੌਂਸਲ ਦੇ ਸਦੱਸ ਜੋਨਸ ਅਤੇ/ਜਾਂ ਬੋਨਾਕੋਰਸੀ 2018 ਵਿੱਚ ਜ਼ਿਲ੍ਹੇ ਦੀਆਂ ਚੋਣਾਂ ਵਿੱਚ ਖੜ੍ਹੇ ਹੋਣਗੇ। ਕਿਉਂਕਿ ਕੌਂਸਲ ਦੇ ਸਦੱਸ ਸਲਵਾਨ ਅਤੇ ਬੇਕਨ ਕੌਂਸਲ ਵਿੱਚ 2020 ਤੱਕ ਹੋਣਗੇ, ਇਸਲਈ ਇਹ ਪੱਕਾ ਕਰਨ ਲਈ 2018 ਵਿੱਚ ਹੋਰ ਤਿੰਨ ਜ਼ਿਲ੍ਹਿਆਂ ਵਿੱਚ ਚੋਣਾਂ ਦੀ ਲੋੜ ਹੋਵੇਗੀ ਕਿ ਨਵੰਬਰ 2018 ਦੀਆਂ ਚੋਣਾਂ ਤੋਂ ਬਾਅਦ ਕੌਂਸਲ ਵਿੱਚ ਛੇ ਸਦੱਸ ਮੌਜੂਦ ਹੋਣ। ਕੌਂਸਲ ਬਾਕੀ ਬਚੀ

ਤਿੰਨ ਖੁਲ੍ਹਿਆਂ ਸੀਟਾਂ ਲਈ ਬਾਕੀ ਬਚੇ ਚਾਰ ਜ਼ਿਲ੍ਹਿਆਂ 'ਚੋਂ ਕਿਸੇ ਵੀ ਜ਼ਿਲ੍ਹੇ ਤੋਂ ਚੋਣ ਕਰ ਸਕਦੀ ਹੈ। ਉਸ ਵਿੱਚੋਂ ਇੱਕ ਸੀਟ ਦੀ ਮਿਆਦ ਦੋ ਸਾਲ ਲਈ ਹੋਵੇਗੀ ਤਾਂਕਿ ਉਹ ਚੋਣਾਂ ਚਰਨਬੱਧ ਕੀਤੀਆਂ ਜਾ ਸਕਣ ਅਤੇ ਤਿੰਨ ਸੀਟਾਂ ਤੇ 2020 ਵਿੱਚ ਚੋਣਾਂ ਹੋਣਗੀਆਂ (ਸਲਵਾਨ ਜ਼ਿਲ੍ਹਾ 5 ਸੀਟ, ਦੋ ਸਾਲ ਦੀ ਮਿਆਦ ਵਾਲੀ ਸੀਟ ਅਤੇ ਇੱਕ ਹੋਰ ਜ਼ਿਲ੍ਹਾ)। ਕੌਂਸਲ ਦੇ ਸਦੱਸ ਸਲਵਾਨ ਅਤੇ ਬੇਕਨ ਸਿਟੀ ਦੀ "ਵਿਆਪਕ ਤੌਰ ਤੇ" ਨੁਮਾਇੰਦਗੀ ਕਰਦੇ ਰਹਿਣਗੇ ਜਦੋਂ ਤੱਕ ਕਿ ਉਨ੍ਹਾਂ ਦਾ ਕਾਰਜਕਾਲ 2020 ਵਿੱਚ ਖਤਮ ਨਹੀਂ ਹੋ ਜਾਂਦਾ।

ਨਕਸ਼ਾ C-2b – ਕੌਂਸਲ ਦੇ ਸਦੱਸ ਜੋਨਸ ਅਤੇ ਬੋਨਾਕੋਰਸੀ ਆਪਣੇ ਜ਼ਿਲ੍ਹਿਆਂ (ਤਰਤੀਬਵਾਰ 2 ਅਤੇ 3) ਵਿੱਚ 2018 ਵਿੱਚ ਹੋਣ ਵਾਲੀਆਂ ਚੋਣਾਂ ਲਈ ਖੜ੍ਹੇ ਹੋਣਗੇ। ਕਿਉਂਕਿ ਕੌਂਸਲ ਦੇ ਸਦੱਸ ਸਲਵਾਨ ਅਤੇ ਬੇਕਨ 2020 ਤੱਕ ਕੌਂਸਲ ਵਿੱਚ ਰਹਿਣਗੇ, ਦੋ ਹੋਰ ਜ਼ਿਲ੍ਹਿਆਂ ਵਿੱਚ 2018 ਵਿੱਚ ਚੋਣਾਂ ਕਰਵਾਉਣ ਦੀ ਲੋੜ ਹੋਵੇਗੀ ਤਾਂਕਿ ਨਵੰਬਰ 2018 ਦੀਆਂ ਚੋਣਾਂ ਤੋਂ ਬਾਅਦ ਕੌਂਸਲ ਵਿੱਚ ਛੇ ਸਦੱਸ ਮੌਜੂਦ ਹੋਣ। ਕੌਂਸਲ ਬਾਕੀ ਬਚੀ ਦੋ ਖੁਲ੍ਹਿਆਂ ਸੀਟਾਂ ਲਈ ਬਾਕੀ ਬਚੇ ਤਿੰਨ ਜ਼ਿਲ੍ਹਿਆਂ 'ਚੋਂ ਕਿਸੇ ਵੀ ਜ਼ਿਲ੍ਹੇ ਤੋਂ ਚੋਣ ਕਰ ਸਕਦੀ ਹੈ। ਇਨ੍ਹਾਂ ਚੋਂ ਇੱਕ ਸੀਟ ਇੱਕ ਦੋ-ਸਾਲ ਦੀ ਮਿਆਦ ਲਈ ਹੋਵੇਗੀ ਤਾਂਕਿ ਚੋਣਾਂ ਚਰਨਬੱਧ ਕੀਤੀਆਂ ਜਾ ਸਕਣ ਅਤੇ ਤਿੰਨ ਸੀਟਾਂ ਤੇ 2020 ਵਿੱਚ ਚੋਣਾਂ ਹੋਣਗੀਆਂ (ਸਲਵਾਨ ਜ਼ਿਲ੍ਹਾ 5 ਸੀਟ, ਦੋ ਸਾਲ ਦੀ ਮਿਆਦ ਵਾਲੀ ਸੀਟ ਅਤੇ ਇੱਕ ਹੋਰ ਜ਼ਿਲ੍ਹਾ)। ਕੌਂਸਲ ਦੇ ਸਦੱਸ ਸਲਵਾਨ ਅਤੇ ਬੇਕਨ ਸਿਟੀ ਦੀ "ਵਿਆਪਕ ਤੌਰ ਤੇ" ਨੁਮਾਇੰਦਗੀ ਕਰਦੇ ਰਹਿਣਗੇ ਜਦੋਂ ਤੱਕ ਕਿ ਉਨ੍ਹਾਂ ਦਾ ਕਾਰਜਕਾਲ 2020 ਵਿੱਚ ਖਤਮ ਨਹੀਂ ਹੋ ਜਾਂਦਾ।

*ਇੱਛਿਤ ਨਤੀਜੇ*

ਇਲੈਕਸ਼ਨ ਕੋਡ ਸੈਕਸ਼ਨ 10010 ਦੇ ਅਨੁਸਾਰ, ਇਹ ਪੰਜਵੀਂ ਜਨਤਕ ਸੁਣਵਾਈ ਦਾ ਉਦੇਸ਼ ਇੱਕ ਤਰਜੀਹ ਵਾਲੇ ਜ਼ਿਲ੍ਹਾ ਨਕਸ਼ੇ ਦੀ ਚੋਣ ਕਰਨਾ, ਭਵਿਖ ਦੀਆਂ ਚੋਣਾਂ ਦੀ ਤਰਤੀਬ ਨੂੰ ਨਿਰਧਾਰਤ ਕਰਨ ਅਤੇ ਇਹ ਪਛਾਣ ਕਰਨ ਲਈ ਫ੍ਰੀਮੋਂਟ ਨਗਰਪਾਲਿਕਾ ਕੋਡ ਅਧਿਆਇ 2.05 ਨੂੰ ਸੰਸ਼ੋਧਤ ਕਰਨ ਵਾਲੇ ਇੱਕ ਔਰਡਿਨੈਂਸ ਨੂੰ ਪੇਸ਼ ਕਰਨਾ ਹੈ ਕਿ ਕਿਹੜੀਆਂ ਮਿਆਦਾਂ ਦੋ ਸਾਲ ਦੇ ਸਤੱਰ ਦੀਆਂ ਹੋਣਗੀਆਂ ਅਤੇ ਕਿਹੜੀਆਂ ਚਾਰ ਸਾਲਾਂ ਵਾਲੇ ਸੱਤਰ ਦੀਆਂ। ਨਕਸ਼ੇ C-1a ਅਤੇ ਪਲੈਨ C-2b ਦੋਵਾਂ ਲਈ ਮਸੌਦਾ ਔਰਡਿਨੈਂਸ ਨਾਲ ਨੱਥੀ ਹਨ। ਇਸ ਤੋਂ ਇਲਾਵਾ, ਖਾਸ ਕੌਂਸਲ ਮੀਟਿੰਗਾਂ ਦੇ ਨੋਟਿਸਾਂ ਅਤੇ ਕੌਂਸਲ ਦੀਆਂ ਖਾਲੀ ਸੀਟਾਂ ਨੂੰ ਭਰਨ ਅਤੇ ਜਦੋਂ ਕੌਂਸਲ ਦੇ ਸਦੱਸਿਆਂ ਦੀ ਗੱਲ੍ਹ ਕਰੇ ਹੋਵੋ ਤਾਂ ਇੱਕ ਆਮ ਤਿੱਥ ਭਾਸ਼ਾ ਨੂੰ ਸ਼ਾਮਲ ਕਰਨ (ਜਿਵੇਂ ਕਿ "ਕੌਂਸਲਮੈਨ" ਦੀ ਥਾਂ ਤੇ "ਕੌਂਸਲਮੈਂਬਰ" ਦੀ ਵਰਤੋਂ ਕਰਨਾ) ਦੇ ਸੰਬੰਧ ਵਿੱਚ ਕਾਨੂੰਨ ਵਿੱਚ ਬਦਲਾਵਾਂ ਨੂੰ ਦਰਸਾਉਣ ਲਈ ਮਸੌਦਾ ਔਰਡਿਨੈਂਸ ਵਿੱਚ ਬਾਕੀ ਬਚੇ ਅਧਿਆਇ 2.05 ਵਿੱਚ ਪ੍ਰਸਤਾਵਿਤ ਸੰਸ਼ੋਧਨ ਸ਼ਾਮਲ ਹਨ।

**ਵਿੱਤੀ ਪਰਭਾਵ:** ਇਸ ਜਨਤਕ ਸੁਣਵਾਈ ਦੇ ਨਾਲ ਜੁੜੇ ਹੋਏ ਕੋਈ ਮਹੱਤਵਪੂਰਨ ਵਿੱਤੀ ਪ੍ਰਭਾਵ ਨਹੀਂ ਹਨ।

**ਵਾਤਾਵਰਣ ਸਬੰਧੀ ਸਮੀਖਿਆ:** ਪ੍ਰਸਤਾਵਿਤ ਔਰਡੀਨੈਂਸ ਨੂੰ ਕੈਲੀਫੋਰਨੀਆ ਐਨਵਾਇਰਨਮੈਂਟਲ ਕੁਆਲਿਟੀ ਐਕਟ (CEQA) ਦੀਆਂ ਲੋੜਾਂ ਤੋਂ ਛੋਟ ਮਿਲੀ ਹੋਈ ਹੈ ਜੋ ਕਿ CEQA ਦੇ ਦਿਸ਼ਾ-ਨਿਰਦੇਸ਼ਾਂ ਦੀ ਧਾਰਾ 15061(b)(3) ਦੇ ਅਨੁਸਾਰ ਹੈ ਤਾਂ ਕਿ ਇਸ ਗੱਲ੍ਹ ਦੀ ਕੋਈ ਸੰਭਾਵਨਾ ਨਾ ਹੋਵੇ ਕਿ ਇਸ ਔਰਡੀਨੈਂਸ ਦਾ ਵਾਤਾਵਰਨ ਤੇ ਮਹੱਤਵਪੂਰਣ ਅਸਰ ਹੋਵੇਗਾ।

**ਲਿੰਕ:** https://fremont.gov/districtelections

**ਸਿਫ਼ਾਰਸ਼ਾਂ:**

1. ਸੰਭਾਵਤ ਵੋਟਿੰਗ ਜ਼ਿਲ੍ਹਿਆਂ ਦੇ ਮਸੌਦਾ ਨਕਸ਼ਿਆਂ ਅਤੇ ਚੋਣ ਕੋਡ ਦੇ ਸੈਕਸ਼ਨ 10010 ਦੇ ਅਨੁਸਾਰ ਜ਼ਿਲ੍ਹਾ-ਆਧਾਰਤ ਚੋਣ ਪ੍ਰਕਿਰਿਆ ਲਈ ਸੰਭਾਵੀ ਚੋਣ ਕ੍ਰਮ ਲਈ ਜਨਤਕ ਇਨਪੁੱਟ ਪ੍ਰਾਪਤ ਕਰਨ ਲਈ ਪ੍ਰਕਿਰਿਆ ਦੇ ਸੰਬੰਧ ਵਿੱਚ ਸਟਾਫ਼ ਦੀ ਇੱਕ ਰਿਪੋਰਟ ਪ੍ਰਾਪਤ ਕਰੋ;
2. ਜਨਤਕ ਸੁਣਵਾਈ ਖੋਲ੍ਹੋ ਅਤੇ ਪਬਲਿਕ ਦੇ ਸਦੱਸਾਂ ਨੂੰ ਮਸੌਦਾ ਨਕਸ਼ੇ ਅਤੇ ਮੀਟਿੰਗ ਵਿੱਚ ਪੇਸ਼ ਸੰਭਾਵੀ ਚੋਣ ਕ੍ਰਮ ਤੇ ਫੀਡਬੈਕ ਦੇਣ ਲਈ ਸੱਦਾ ਭੇਜੋ;
3. ਜਨਤਕ ਸੁਣਵਾਈ ਨੂੰ ਬੰਦ ਕਰੋ ਜਦੋਂ ਕਿ ਪਬਲਿਕ ਤੋਂ ਹੋਰ ਕੋਈ ਇਨਪੁੱਟ ਨਾ ਆਵੇ ਅਤੇ ਇੱਕ ਤਰਜੀਹ ਵਾਲੇ ਮਸੌਦਾ ਨਕਸ਼ੇ ਦੀ ਚੋਣ ਕਰੋ;
4. ਪਤਾ ਲਗਾਓ ਕਿ ਪ੍ਰਸਤਾਵਿਤ ਔਰਡੀਨੈਂਸ ਨੂੰ ਕੈਲੀਫੋਰਨੀਆ ਐਨਵਾਇਰਨਮੈਂਟਲ ਕੁਆਲਿਟੀ ਐਕਟ (CEQA) ਦੀਆਂ ਲੋੜਾਂ ਤੋਂ ਛੋਟ ਮਿਲੀ ਹੋਈ ਹੈ ਜੋ ਕਿ CEQA ਦੇ ਦਿਸ਼ਾ-ਨਿਰਦੇਸ਼ਾਂ ਦੀ ਧਾਰਾ 15061(b)(3) ਦੇ ਅਨੁਸਾਰ ਹੈ ਤਾਂ ਕਿ ਇਸ ਗੱਲ੍ਹ ਦੀ ਕੋਈ ਸੰਭਾਵਨਾ ਨਾ ਹੋਵੇ ਕਿ ਇਸ ਔਰਡੀਨੈਂਸ ਦਾ ਵਾਤਾਵਰਨ ਤੇ ਮਹੱਤਵਪੂਰਣ ਅਸਰ ਹੋਵੇਗਾ; ਅਤੇ
5. ਸਿਟੀ ਕੌਂਸਲ ਦੇ ਸਦੱਸਾਂ ਲਈ ਜ਼ਿਲ੍ਹਾ-ਆਧਾਰਤ ਚੋਣਾਂ ਦੀ ਸਥਾਪਨਾ ਕਰਨ, ਜ਼ਿਲ੍ਹਿਆਂ ਦੀ ਸਥਾਪਨਾ ਕਰਨ ਅਤੇ ਭਵਿੱਖ ਦੀਆਂ ਚੋਣਾਂ ਦਾ ਸਮਾਂ ਅਤੇ ਕ੍ਰਮ ਨਿਰਧਾਰਤ ਕਰਨ ਅਤੇ ਹੋਰ ਅਨੁਕੂਲ ਅਤੇ ਤਕਨੀਕੀ ਬਦਲਾਅ ਕਰਨ ਲਈ ਫ੍ਰੀਮੌਂਟ ਨਗਰਪਾਲਿਕਾ ਕੋਡ ਅਧਿਆਇ 2.05 ਨੂੰ ਸੰਸ਼ੋਧਤ ਕਰਨ ਵਾਲੇ ਇੱਕ ਔਰਡਿਨੈਂਸ ਨੂੰ ਪੇਸ਼ ਕਰੋ।